# ਵਰਿਆਮ

ਛੱਬੀਵਾਂ ਸਾਲ ਨਵੰਬਰ ੨੦੦੦



ਗੁਰੂ ਨਾਨਕ ਆਮਦ ਨਰਾਇਨ ਸਰੂਪ। ਹੁਮਾਨਾ ਨਿਰੰਜਨ ਨਿਰੰਕਾਰ ਰੂਪ॥

-ਭਾਈ ਨੰਦ ਲਾਲ

ਨਾਰਾਇਣ ਗੁਰੂ ਨਾਨਕ ਦਾ ਰੂਪ ਧਾਰ ਕੇ ਆਇਆ
ਉਸਦਾ ਰੂਪ ਨਿਰੰਜਨ ਅਤੇ ਨਿਰੰਕਾਰ ਵਰਗਾ ਸੀ।

Sri Satguru Jagjit Singh Ji eLibrary NamdhariElibrary@gmail.com

# ਵਧਾਈਆਂ





ਵਰਿਆਮ ਦੇ ਜਨਮ ਤੋਂ ਹੀ ਪਰਮ ਸਹਿਯੋਗੀ, ਮਿਤਰ ਅਤੇ ਸਨੇਹੀ, ਪ੍ਰਸਿੱਧ ਲੇਖਕ, ਬੁਲਾਰੇ, ਫੋਟੋਗ੍ਰਾਫਰ ਅਤੇ ਖੂਬਸੂਰਤ ਇਨਸਾਨ ਸ. ਪ੍ਰੀਤਮ ਸਿੰਘ ਕਵੀ ਨੂੰ ਜੱਪ ਪ੍ਰਯੋਗ ਸਮਾਗਮ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਾਵਨ ਕਰ ਕਮਲਾਂ ਦੁਆਰਾ 'ਸਾਹਿਤ ਰਤਨ' ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ ਹੈ।

ਅਦਾਰਾ ਵਰਿਆਮ ਵਲੋਂ ਹਾਰਦਿਕ ਵਧਾਈਆਂ।

**ਜਗਦੀਸ਼ ਸਿੰਘ**

Sri Satguru Jagjit Singh Ji eLibrary NamdhariElibrary@gmail.com

# ਵਰਿਆਮ

ਨਵੰਬਰ ੨੦੦੦

ਜਿਲਦ-੨੬

ਅੰਕ ੧

**ਸੰਪਾਦਕ**
**ਜਗਦੀਸ਼ ਸਿੰਘ 'ਵਰਿਆਮ'**


| ਦਫਤਰ ਦਾ ਪਤਾ: | Office Address : |
| --- | --- |
| ਮਾਸਿਕ ਵਰਿਆਮ | Monthly WARIAM |
| ਲਾਡੋਵਾਲੀ ਰੋਡ | (Punjabi) |
| ਸਾਹਮਣੇ ਸੈਂਟਰਲ ਟਾਊਨ | Ladowali Road. |
| ਜਲੰਧਰ- ੧੪੪੦੦੧ | Opp. Central Town, |
| | Jalandhar-144001 |
| ਫੋਨ-ਦਫਤਰ : ੨੨੨੫੪੩ | Ph.:222543 (O) |
| ਘਰ : ੫੬੨੮੯ | 56289 (R) |


## ਵਰਿਆਮ ਦੇ ਦਰ

| | |
| --- | --- |
| ਇਹ ਅੰਕ | ੧੦-੦੦ ਰੁਪਏ |
| ਸਾਲਾਨਾ ਚੰਦਾ | ੧੦੦-੦੦ ਰੁਪਏ |
| ਤਿੰਨ ਸਾਲ ਵਾਸਤੇ | ੨੫੦-੦੦ ਰੁਪਏ |
| ਪੰਜ ਸਾਲ ਵਾਸਤੇ | ੪੦੦-੦੦ ਰੁਪਏ |
| ਜੀਵਨ ਮੈਂਬਰ | ੧੦੦੦-੦੦ ਰੁਪਏ |

ਵਿਦੇਸ਼ ਹਵਾਈ ਡਾਕ (ਇਕ ਸਾਲ) ੨੦ ਪੌਂਡ, ੩੦ ਡਾਲਰ

ਚੈਕ ਡਰਾਫਟ Monthly Wariam ਦੇ ਨਾਂਅ ਤੇ ਹੀ ਭੇਜੇ ਜਾਣ।

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ


ਸੰਪਾਦਕੀ-ਸੱਚ ਕੀ ਬਾਣੀ ਨਾਨਕੁ ਆਖੇ
ਜਗਦੀਸ਼ ਸਿੰਘ -------- ੨
ਖੁਰਾਕ ਤੇ ਚਰਿੱਤਰ-ਗੁਰਬਖਸ਼ ਸਿੰਘ ਪ੍ਰੀਤਲੜੀ ----- ੪
ਲੋਕ ਕਥਾ-ਪੰਜਾਬੀ ਰੂਪ ਅਵਤਾਰ ਸਿੰਘ ---------- ੫
ਵਈਂ ਨੂੰ ਵਹਿਣ ਦਿਓ ਦੋਸਤੋ-ਤਰਲੋਕ ਮਨਸੂਰ ---- ੬
ਵਈਂ ਦੀ ਰੂ-ਦਾਦ-ਅਜੈਬ ਸਿੰਘ ------------- ੭
ਗਲੇ ਦਾ ਹਾਰ (ਕਹਾਣੀ)-ਜਸਵੰਤ ਸਿੰਘ ਵਿਰਦੀ --- ੯
ਉਹ ਕਿਹੁ ਜਹੇ ਲੋਕ ਹੋਂਦੇ ਨੇ-ਤਰਲੋਕ ਮਨਸੂਰ ---- ੧੨
ਬਚਿੱਤ੍ਰ ਨਾਟਕ—ਇਕ ਅਪੂਰਵ ਕ੍ਰਿਤੀ
-ਪ੍ਰਿੰਸੀਪਲ ਬੇਅੰਤ ਕੌਰ --------- ੧੩
ਕੱਤਕ ------------------------ ੧੮
ਬਾਬਾ ਚੰਦਾ ਸਿੰਘ, ਸੂਬਾ ਮੀਹਾਂ ਸਿੰਘ, ਤੇਜਾ ਸਿੰਘ, ਬਾਬਾ ਕਾਲ੍ਹਾ ਸਿੰਘ, ਚਤਰ ਸਿੰਘ ਬੀਰ, ਸੂਬਾ ਮੀਹਾਂ ਸਿੰਘ, ਤੇਜਾ ਸਿੰਘ ਸੋਖਲ, ਇਕਬਾਲ ਸਿੰਘ ਮਨਚੰਦਾ।
ਵਰਿਆਮ-ਜਸਵੰਤ ਸਿੰਘ ਰਾਹੀ -------------- ੧੯
ਸ੍ਰੀ ਕਿਸਨ ਮਹਾਰਾਜ ਦੇ ਘਰ--ਪ੍ਰੀਤਮ ਸਿੰਘ ਕਵੀ - ੨੧
ਵਰਧਾ ਯਾਤਰਾ-ਜਗਦੀਸ਼ ਸਿੰਘ ------------- ੨੫
ਵਰਿਆਮ ਦੀ ਗਲ-ਸਰਵਣ ਸਿੰਘ ਜ਼ਫਰ ------- ੩੪
ਖਬਰਨਾਮਾ ------------------------ ੩੭



੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**SAGGU**
**IRON INDUSTRIES**
**ਸੱਗੂ ਆਇਰਨ ਇੰਡਸਟਰੀਜ਼**

Sugar Mill Spares, Paper & Boards Mill Spares,
Textile Mill Spares, Distillery Spares & Solvent Plant Spares
All Type of Gear & Chain Sprockets & Industrial Chain
Partner: S. Puran Singh Saggu
S. Narinder Singh Saggu
Old Railway Road, Jalandhar.
Phone : 58795, 59056 Mobile Phone 9814028099





Sri Satguru Jagjit Singh Ji eLibrary NamdhariElibrary@gmail.com

https://archive.org/details/namdhari



# ਸਚ ਕੀ ਬਾਣੀ ਨਾਨਕੁ ਆਖੈ

ਗੁਰੂ ਨਾਨਕ ਦੇਵ ਜੀ ਇਸ ਧਰਤੀ ਤੇ ਆਮਦ ਇਕ ਨਵੇਂ ਜੁਗ ਦੀ ਸ਼ੁਰੂਆਤ ਹੈ। ਧਰਮ ਤੇ ਵਿਆਖਿਆਕਾਰਾਂ ਨੇ ਇਹ ਲਿਖਿਆ ਹੈ ਕਿ ਦਾਤਾਰ ਈਸ਼ਵਰ ਨੇ ਧਰਤੀ ਦੀ ਪੁਕਾਰ ਸੁਣ ਗੁਰੂ ਨਾਨਕ ਨੂੰ ਜਗ ਤੇ ਭੇਜਿਆ। ਇਹ ਵੀ ਲਿਖਿਆ ਹੈ ਕਿ ਆਪ ਨਰਾਇਣ ਕਲਾ ਧਾਰ ਕੇ ਸੰਸਾਰ ਵਿਚ ਆਇਆ। ਭਟਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਵਿਸ਼ਨੂੰ ਅਵਤਾਰਾਂ ਦੀ ਸੰਗਲੀ ਨਾਲ ਜੋੜਿਆ ਹੈ—ਸਤਿਜੁਗ ਵਿਚ ਬਾਵਨ ਰੂਪ, ਤ੍ਰੇਤੇ ਵਿਚ ਰਾਮ ਰਘੁਵੰਸ, ਦੁਆਪਰ ਵਿਚ ਕ੍ਰਿਸ਼ਨ ਮੁਰਾਰ ਅਤੇ ਕਲਿਜੁਗ ਵਿਚ ਨਾਨਕ। ਡਾਕਟਰ ਇਕਬਾਲ ਨੇ ਗੁਰੂ ਜੀ ਨੂੰ ਮੁਕੰਮਲ ਇਨਸਾਨ, ਮਰਦੇ ਕਾਮਲ ਆਖਿਆ ਹੈ। ਜੇ ਗਹੁ ਨਾਲ ਵੇਖੀਏ ਤਾਂ ਗੁਰੂ ਨਾਨਕ ਦੇਵ ਜੀ ਆਮਦ ਨਾਲ ਹੀ ਇਸ ਧਰਤੀ ਪੰਜਾਬ ਦੀ ਪਹਿਚਾਣ ਬਣੀ ਹੈ। ਪ੍ਰੋ. ਪੂਰਣ ਸਿੰਘ ਦਾ ਇਹ ਕਥਨ ਬਿਲਕੁਲ ਸਹੀ ਹੈ ਕਿ ਪੰਜਾਬ ਹਿੰਦੂ ਨਾ ਮੁਸਲਮਾਨ, ਪੰਜਾਬ ਜੀਂਦਾ ਗੁਰਾਂ ਦੇ ਨਾਮ ਤੇ।

ਗੁਰੂ ਨਾਨਕ ਦੇਵ ਜੀ ਦਾ ਸਮੁੱਚਾ ਜੀਵਨ, ਉਹਨਾਂ ਦੇ ਵਿਚਾਰ, ਇਤਿਹਾਸ ਅਤੇ ਗੁਰਬਾਣੀ ਬਾਰੇ ਪੰਜ ਸਦੀਆਂ ਤੋਂ ਚਰਚਾ ਹੋ ਰਹੀ ਹੈ। ਦੀਵਾਨ ਲਗਦੇ ਹਨ, ਜਲੂਸ ਨਿਕਲਦੇ ਹਨ, ਦੀਪ ਮਾਲਾਵਾਂ ਹੁੰਦੀਆਂ ਹਨ। ਲੇਖ ਕਵਿਤਾਵਾਂ, ਕਹਾਣੀਆਂ, ਸਾਖੀਆਂ, ਕਵਿਤਾਵਾਂ, ਅਖਬਾਰਾਂ ਦੇ ਵਿਸ਼ੇਸ਼ ਐਡੀਸ਼ਨ ਗੁਰੂ ਜੀ ਦੀ ਕੀਰਤੀ ਨੂੰ ਬਿਆਨ ਕਰਦੇ ਹਨ। ਭਾਈ ਗੁਰਦਾਸ ਜੀ ਨੇ ਕਿਹਾ ਹੈ ਕਿ ਸਤਿਗੁਰੂ ਨਾਨਕ ਦੇ ਪ੍ਰਗਟ ਹੋਣ ਨਾਲ ਦੁਨੀਆ ਤੋਂ ਧੁੰਦ ਮਿਟ ਗਈ ਅਤੇ ਚਾਨਣ ਹੋ ਗਿਆ।

ਸੋਚਣ ਵਾਲੀ ਗੱਲ ਇਹ ਹੈ ਕਿ ਕਿਹੜੀ ਧੁੰਦ ਸੀ ਅਤੇ ਕਿਹੜਾ ਚਾਨਣ ਹੋ ਗਿਆ ਹੈ। ਜ਼ਾਹਰ ਹੈ ਕਿ ਸੂਰਜ ਤਾਂ ਗੁਰੂ ਜੀ ਦੇ ਜਨਮ ਤੋਂ ਪਹਿਲਾਂ ਵੀ ਚੜ੍ਹਦਾ, ਸੀ ਅਤੇ ਬਾਅਦ ਵਿਚ ਵੀ ਚੜ੍ਹਦਾ ਹੀ ਰਿਹਾ ਹੈ। ਉਂਜ ਗੁਰੂ ਨਾਨਕ ਦੇਵ ਜੀ ਨੇ ਆਪਣੀ ਕਲਮ ਨਾਲ ਇਹ ਲਿਖਿਆ ਵੀ ਹੈ ਸੌ ਚੰਦਰਮਾ ਅਤੇ ਹਜ਼ਾਰ ਸੂਰਜਾਂ ਦੇ ਚੜ੍ਹਣ ਦੇ ਬਾਵਜੂਦ ਘੋਰ ਅਨੇਰਾ ਹੁੰਦਾ ਹੈ ਬਗੈਰ ਗੁਰੂ ਦੇ।

ਗੁਰੂ ਜੀ ਦੀ ਬਾਣੀ ਵਿਚ ਈਸ਼ਵਰ, ਪ੍ਰਮਾਤਮਾ ਇਕ ਓਅੰਕਾਰ ਤੇ ਆਸਥਾ, ਉਸ ਦੇ ਨਾਮ ਦੀ ਲੋੜ ਅਤੇ ਇਸ ਵਾਸਤੇ ਗੁਰੂ ਦੀ ਕ੍ਰਿਪਾ ਦੀ ਥਾਂ ਥਾਂ ਤੇ ਗੱਲ ਕੀਤੀ ਗਈ ਹੈ, ਪਰ ਇਹ ਗੱਲਾਂ ਤਾਂ ਪੁਰਾਣੇ ਭਾਰਤੀ ਸਿਆਣਿਆਂ, ਦਾਰਸ਼ਨਿਕਾਂ ਰਿਸ਼ੀਆਂ ਅਤੇ ਗ੍ਰੰਥਕਾਰਾਂ ਨੇ ਵੀ ਕੀਤੀਆਂ ਹਨ। ਗ੍ਰੰਥਾਂ ਦੇ ਗ੍ਰੰਥ ਭਰੇ ਪਏ ਹਨ ਧਰਮ ਦੀ ਵਿਆਖਿਆ ਨਾਲ। ਅਨੇਕਾਂ ਧਰਮਾਂ, ਸੰਪਰਦਾਵਾਂ ਦੇ ਪੈਰੋਕਾਰਾਂ ਦੀਆਂ ਭਾਰੀ ਗਿਣਤੀਆਂ, ਅਨੇਕਾਂ ਤੀਰਥ ਅਤੇ ਉਨ੍ਹਾਂ ਉੱਤੇ ਲਗਦੇ ਮੇਲੇ ਤਾਂ ਬੇਸ਼ੁਮਾਰ ਸਨ, ਫੇਰ ਗੁਰੂ ਜੀ ਨੂੰ ਕਿਉਂ ਲਗਾ ਕਿ ਝੂਠ ਦੀ ਮਸਿਆ ਫੈਲੀ ਹੋਈ ਹੈ। ਲੋਕਾਂ ਦਾ ਕਲਿਆਣ ਕਿਉਂ ਨਹੀਂ ਹੈ। ਏਡੇ ਮਹਾਨ ਫਲਸਫੇ ਨਾਲ ਸਨਦਬੰਦ ਇਹ ਲੋਕ ਹਰ ਤਰ੍ਹਾਂ ਗੁਲਾਮ ਕਿਉਂ ਹਨ। ਸਮਾਜਕ ਤੌਰ ਤੇ ਵੀ ਤੇ ਰਾਜਸੀ ਤੌਰ ਤੇ ਵੀ। ਏਡੇ ਆਤਮਕ ਉੱਚਤਾ ਵਾਲੇ ਵਿਦਵਾਨ ਲੋਕ ਸੰਸਾਰ ਛੱਡ ਕੇ ਪਹਾੜਾਂ ਦੀਆਂ ਕੁੰਦਰਾਂ ਵਿਚ ਕਿਉਂ ਲੁਕ ਕੇ ਬੈਠੇ ਸਨ। ਕਰੋੜਾਂ ਦੀ ਗਿਣਤੀ ਵਿੱਚ ਇਹ ਲੋਕ ਕਿਉਂ ਸੈਂਕੜੇ ਜਾਂ ਵੱਧ ਤੋਂ ਵੱਧ ਕੁਝ ਹਜ਼ਾਰ ਸੈਨਿਕਾਂ ਤੋਂ ਥਰ-ਥਰ ਕੰਬਦੇ ਜ਼ੁਲਮ ਸਹਿ ਰਹੇ ਹਨ। ਗੁਰੂ ਜੀ ਮਹਿਸੂਸ ਕੀਤਾ ਕਿ ਜੇ ਇੱਜ਼ਤ ਲੁਹਾ ਕੇ ਜੀਊਣਾ ਹੈ ਤਾਂ ਬੰਦੇ ਵਾਸਤੇ ਖਾਣਾ ਹਰਾਮ ਹੈ। "ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ" ਪਰ ਇਸ ਦੇ ਬਾਵਜੂਦ ਲੋਕ ਹਰਾਮ ਖਾ ਹੀ ਰਹੇ ਸਨ।

ਗੁਰੂ ਜੀ ਆਪ ਲਿਖਦੇ ਹਨ ਕਿ ਮੈਂ ਲਭ ਲਭ ਕੇ ਵਿਆਕੁਲ ਹਾਂ ਹਨੇਰੇ ਵਿਚ ਰਾਹ ਨਹੀਂ ਲਭਦਾ। ਰਾਜੇ ਕਸਾਈ ਬਣੇ ਹਨ। ਕਲਿਜੁਗ ਦੀ ਛੁਰੀ ਨਾਲ ਕਟ ਰਹੇ ਹਨ। ਧਰਮ ਖੰਭ ਲਾ ਕੇ ਉਡ ਗਿਆ ਹੈ। ਉਹਨਾਂ ਪੁਕਾਰ ਕੇ ਕਿਹਾ।

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥
ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥
ਵਿਚਿ ਹਉਮੈ ਕਰਿ ਦੁਖੁ ਰੋਈ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥

ਗੁਰੂ ਬਾਬੇ ਦੀ ਘਾਲਣਾ ਦਾ ਅੰਤ ਨਹੀਂ। ਲੰਮਾ ਇਤਿਹਾਸ ਹੈ। ਉਹਨਾਂ ਦੀ ਆਪਣੀ ਬਾਣੀ ਰਾਹ ਦਿਖਾਉਂਦੀ



Sri Satguru Jagjit Singh Ji eLibrary NamdhariElibrary@gmail.com

ਹੈ। ਉਸ ਦੇ ਨਿਰੰਤਰ ਪਾਠ ਹੁੰਦੇ ਹਨ ਉਹਨਾਂ ਦੀਆਂ ਬਾਣੀਆਂ ਜਪੁਜੀ ਸਾਹਿਬ, ਆਸਾ ਦੀ ਵਾਰ ਤਾਂ ਨਿਤ ਨੇਮ ਨਾਲ ਸਿਖ ਪੜ੍ਹਦੇ ਸੁਣਦੇ ਹਨ। ਉਹ ਬਾਬਰ ਦੇ ਰੂ-ਬ-ਰੂ ਹੋਏ, ਉਹਨਾਂ ਹਿੰਦੂ ਤੀਰਥਾਂ ਦੀ ਯਾਤਰਾ ਕੀਤੀ। ਉਹ ਸਮੇਰ ਪਰਬਤ ਗਏ। ਉਹ ਜਗਨਾਥ ਪੁਰੀ ਅਤੇ ਲੰਕਾ ਗਏ। ਉਹ ਮਕਾ ਮਦੀਨਾ ਅਤੇ ਬਗਦਾਦ ਵੀ ਗਏ। ਧਰਤ ਲੁਕਾਈ ਨੂੰ ਸੋਦਣ ਵਾਸਤੇ ਘਰ ਘਾਟ ਛੱਡ ਕੇ ਲੰਮੀਆਂ ਯਾਤਰਾਵਾਂ ਕੀਤੀਆਂ।

ਜੋਗੀਆਂ ਆਪਣੇ ਸਮੇਂ ਦੇ ਮਹਾਂ ਪੁਰਖਾਂ ਸਿਧਾਂ ਪੁਰਸ਼ਾਂ, ਕਾਜ਼ੀਆਂ ਇਮਾਮਾਂ, ਫਕੀਰਾਂ ਨਾਲ ਬਾਤ ਕੀਤੀ। ਉਹ ਆਪ ਕਹਿੰਦੇ ਹਨ ਕਿ ਜਦੋਂ ਤੱਕ ਦੁਨੀਆਂ ਤੇ ਰਹੀਏ ਕੁਝ ਕਿਸੇ ਦਾ ਕਿਹਾ ਸੁਣੀਏ ਤੇ ਕੁਝ ਆਪਣਾ ਕਹੀਏ। ਉਹਨਾਂ ਵੇਖਿਆ ਕਿ ਬਾਵਜੂਦ ਬਹੁਤ ਸਾਰੇ ਧਰਮਾਂ ਦੇ ਇਹ ਹਨੇਰੀ ਰਾਤ ਕਿਉਂ ਹੈ। ਇਸਦਾ ਉੱਤਰ ਇਹ ਹੀ ਸੀ ਕਿ ਸਭ ਕੁਝ ਹੋਣ ਦੇ ਬਾਵਜੂਦ, ਧਰਮ ਗ੍ਰੰਥ ਕਿਤਾਬਾਂ ਅਤੇ ਧਾਰਮਕ ਆਗੂਆਂ ਦੇ ਬਾਵਜੂਦ ਲੋਕਾਂ ਦਾ ਅਮਲੀ ਜੀਵਣ ਨਹੀਂ। ਗੁਰੂ ਜੀ ਆਪਣੀ ਰਚਨਾ ਵਿਚ ਕਹਿੰਦੇ ਹਨ ਕਿ—

ਗਲੀ ਅਸੀਂ ਚੰਗੀਆਂ ਆਚਾਰੀ ਬੁਰੀਆ
ਮਨਹੁ ਕਸੁਧਾ ਕਾਲੀਆ ਬਾਹਰਿ ਚਿਟਵੀਆਂ

ਮੱਕੇ ਗਿਆਂ ਉਹਨਾਂ ਨੂੰ ਕਾਜੀਆਂ ਮੁਲਾਂ ਨੇ ਇਕੱਠੇ ਹੋ ਕੇ ਪੁੱਛਿਆ ਕਿ ਹਿੰਦੂ ਵੱਡਾ ਹੈ ਕਿ ਮੁਸਲਮਾਨ। ਬਾਬੇ ਦਾ ਜੁਆਬ ਸੀ "ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।" ਬਾਬੇ ਨੂੰ ਜੋਗੀ ਨਾਥਾਂ ਨੇ ਪੁੱਛਿਆ ਕਿ ਤੁਹਾਨੂੰ ਕੀ ਲੋੜ ਪਈ ਹੈ ਬਿਖਮ ਮਾਰਗ ਚਲਦਿਆਂ ਪਹਾੜ ਥਲ ਤੇ ਜਲ ਕਛਦੇ ਪਏ ਹੋ। ਬਾਬੇ ਆਖਿਆ ਮੈਂ ਸੱਚ ਦੀ ਭਾਲ ਵਿੱਚ ਆਇਆ ਹਾਂ।

ਬਾਬੇ ਆਖਿਆ ਨਾਥ ਜੀ
ਸਚੁ ਚੰਦ੍ਰਮਾ ਕੂੜ ਅੰਧਾਰਾ
ਕੂੜ ਅਮਾਵਸਿ ਵਰਤਿਆ
ਹਉ ਭਾਲਣਿ ਚੜ੍ਹਿਆ ਸੰਸਾਰਾ

ਗੁਰੂ ਬਾਬਾ ਜੀ ਨੇ ਸੱਚ ਦੀ ਭਾਲ ਕੀਤੀ ਤੇ ਪ੍ਰਾਪਤ ਕੀਤਾ। ਉਹਨਾਂ ਸੱਚ ਦੀ ਵਿਆਖਿਆ ਨਾਲੋਂ ਸੱਚੀ ਗੱਲ ਨਾਲੋਂ ਵੀ ਸੱਚੇ ਆਚਰਨ ਨੂੰ ਉਪਰ ਦਸਿਆ। ਸੱਚ ਜੋ ਸਭ ਧਰਮਾਂ ਪੰਥਾਂ ਸੰਪਰਦਾਵਾਂ ਦਾ ਸਾਂਝਾ ਧਰਮ ਹੈ।

ਬਾਬੇ ਜੀ ਨੇ ਫੁਰਮਾਇਆ, "ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ" ਉਹਨਾਂ ਦੱਸਿਆ ਕਿ ਝੂਠ ਪਾਪ ਦੀ ਜੜ੍ਹ ਹੈ ਅਤੇ ਇਸ ਤੋਂ ਮੁਕਤੀ ਪਾਣ ਵਾਸਤੇ ਜੋ ਦਾਰੂ ਹੈ ਉਹ ਸੱਚ ਹੀ ਹੈ। (ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ)

ਸੱਚ ਦੇ ਉੱਤੇ ਗੁਰੂ ਨਾਨਕ ਦੇਵ ਜੀ ਨੇ ਪੰਕਤੀਆਂ ਤੇ ਪੰਕਤੀਆਂ ਉਚਾਰੀਆਂ। ਜੀਵਨ ਦੇ ਹਰ ਪਹਿਲੂ ਵਿਚ ਉਹਨਾਂ ਸੱਚ ਨੂੰ ਅਪਣਾਇਆ। ਸੱਚ ਦੀ ਗੱਲ ਉਹਨਾਂ ਸ਼ਿੱਦਤ ਨਾਲ ਕੀਤੀ ਹੈ। ਸੱਚਾ ਨਾਮ, ਸੱਚੀ ਸੰਗਤ, ਸੱਚਾ ਸਤਿਗੁਰੂ, ਸਾਚਾ ਨਿਰੰਕਾਰ, ਸੱਚ ਖੰਡ, ਸੱਚੀ ਕਰਣੀ, ਸੱਚੀ ਕਾਰ, ਸੱਚ ਕੀ ਬਾਣੀ, ਸੱਚਾ ਸ਼ਬਦ, ਸੱਚਾ ਵਪਾਰ ਅਤੇ ਸੱਚਾ ਜੀਵਨ ਦਰਸਾਉਂਦੀਆਂ ਉਹਨਾਂ ਦੀਆਂ ਤੁਕਾਂ ਮੁਹਾਵਰਿਆ ਵਾਂਗ ਲੋਕਾਂ ਦੀ ਜ਼ਬਾਨ ਉੱਤੇ ਹਨ। ਝੂਠ ਨੂੰ ਉਹਨਾਂ ਗੰਦ ਅਤੇ ਮੁਰਦਾ ਖਾਣ ਨਾਲ ਤੁਲਣਾ ਦਿੱਤੀ (ਕੂੜ ਬੋਲਿ ਮੁਰਦਾਰੁ ਖਾਇ)। ਏਸ ਸੱਚ ਨੇ ਹੀ ਉਹਨਾਂ ਨੂੰ ਗਰੀਬਾਂ ਨੀਚਾਂ ਨਾਲ ਖੜਾ ਕੀਤਾ। ਇਸੇ ਸੱਚ ਕਾਰਨ ਹੀ ਉਹਨਾਂ ਭਾਈ ਲਾਲੋ ਦੀ ਰੋਟੀ ਵਿਚੋਂ ਸੁੱਚਾ ਦੁੱਧ ਚੋਂਦਾ ਵਿਖਾਇਆ ਅਤੇ ਮਲਿਕ ਦੀਆਂ ਪੂਰੀਆਂ 'ਚੋਂ ਇਨਸਾਨੀ ਲਹੂ। ਰਾਜਿਆਂ ਨੂੰ ਸ਼ੀਂਹ ਅਹਿਲਕਾਰਾਂ ਨੂੰ ਕੁੱਤੇ ਉਸ ਸਮੇਂ ਵਿਚ ਆਖਣਾ ਸਭ ਇਸ ਸੱਚ ਦੀ ਕਰਾਮਾਤ ਹੀ ਸੀ। ਬਾਬਰ ਜਿਹੇ ਸ਼ਕਤੀਸ਼ਾਲੀ ਸੁਲਤਾਨ ਨੂੰ ਜਾਬਰ ਅਤੇ ਉਸ ਦੀ ਫੌਜ ਨੂੰ ਪਾਪ ਦੀ ਜੰਞ ਕਹਿਣਾ ਇਸੇ ਸੱਚ ਦੀ ਹੀ ਤਾਕਤ ਸੀ। ਇਹ ਸੱਚ ਹੀ ਕੂੜ ਦੀ ਮਸਿਆ ਨੂੰ ਚੀਰਦਾ ਹੈ। ਇਹ ਸੱਚ ਹੀ ਜਾਤੀਆਂ ਦੇ ਭਰਮ ਭੇਦਾਂ ਨੂੰ ਮਿਟਾ ਕੇ ਏਕਤਾ ਵਿਚ ਪਰੋ ਸਕਦਾ ਹੈ। ਊਚ ਨੀਚ ਦੇ ਭਰਮ ਭੇਦ ਸੱਚ ਹੀ ਮਿਟਾ ਸਕਦਾ ਹੈ।

ਗੁਰੂ ਬਾਬਾ ਜੀ ਨੇ ਲਲਕਾਰ ਕੇ ਕਿਹਾ ਕਿ—

ਸਚ ਕੀ ਬਾਣੀ ਨਾਨਕੁ ਆਖੈ
ਸਚੁ ਸੁਣਾਇਸੀ ਸਚ ਕੀ ਬੇਲਾ

ਗੁਰੂ ਜੀ ਦੇ ਅਵਤਾਰ ਪੁਰਬ ਤੋਂ ਜੇ ਅਸੀਂ ਕੁਝ ਪ੍ਰੇਰਣਾ ਲੈਣੀ ਹੈ ਤਾਂ ਇਹ ਹੀ ਹੈ ਕਿ ਸੱਚ ਦਾ ਪੱਲਾ ਫੜੀਏ। ਅਜਿਹਾ ਕਰਨਾ ਕਦੇ ਵੀ ਦੇਰੀ ਵਾਲੀ ਗੱਲ ਨਹੀਂ। ਸਾਡਾ ਸੰਕਲਪ ਸੱਚ ਹੋਣਾ ਚਾਹੀਦਾ ਹੈ।

"ਸਚੁ ਪੁਰਾਣਾ ਹੋਵੈ ਨਾਹੀ, ਸੀਤਾ ਕਦੈ ਨ ਪਾਟੈ।"

*—ਜਗਦੀਸ਼ ਸਿੰਘ*



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਖ਼ੁਰਾਕ ਤੇ ਚਰਿਤਰ

—ਗੁਰਬਖਸ਼ ਸਿੰਘ ਪ੍ਰੀਤਲੜੀ

ਜੋ ਕੁਝ ਅਸੀਂ ਸੋਚਦੇ ਖਾਂਦੇ ਹਾਂ ਉਹੀ ਕੁਝ ਅਸੀਂ ਬਣਦੇ ਜਾਂਦੇ ਹਾਂ। ਸਾਡੀ ਸੋਚ ਤੇ ਸਾਡੇ ਖਿਆਲ ਬਣਦੇ ਹਨ ਜੋ ਅਸੀਂ ਵੇਖਦੇ ਖਾਂਦੇ ਤੇ ਕਰਦੇ ਹਾਂ। ਸਾਡਾ ਸਰੀਰ ਸਾਡੀ ਖ਼ੁਰਾਕ ਦਾ ਹੀ ਬਦਲਿਆ ਹੋਇਆ ਰੂਪ ਹੁੰਦਾ ਹੈ ਤੇ ਸਾਡਾ ਮਨ ਸਾਡੇ ਸਰੀਰ ਵਲੋਂ ਹੀ ਆਪਣੀਆਂ ਰੁਚੀਆਂ ਲੈਂਦਾ ਹੈ। ਏਸ ਲਈ ਸਾਡੇ ਮਨ ਦਾ ਸਾਡੀ ਖ਼ੁਰਾਕ ਨਾਲ ਅਤਿ ਨੇੜੇ ਦਾ ਰਿਸ਼ਤਾ ਹੈ।

ਮਾਸ ਦੀ ਖ਼ੁਰਾਕ ਨਾਲ ਸੰਬੰਧਤ ਹਨ ਤਲਵਾਰ, ਲਹੂ, ਪੀੜ, ਚੀਕਾਂ ਤੇ ਬੇਚਾਰਗੀ। ਇਹ ਸਾਰੇ ਦ੍ਰਿਸ਼ ਮਨ ਦੀ ਕਠੋਰਤਾ ਦੇ ਪ੍ਰਤੀਕ ਹਨ। ਜਿਹੜਾ ਮਨੁੱਖ ਖ਼ੂਬਸੂਰਤੀ, ਕੋਮਲਤਾ ਤੇ ਪਿਆਰ ਲਈ ਪ੍ਰੇਰਿਤ ਹੈ ਉਹ ਕਦੇ ਸਹਾਰ ਨਹੀਂ ਸਕਦਾ ਕਿ ਉਹਦੀ ਖ਼ੁਰਾਕ ਲਈ ਏਡੀ ਕਠੋਰਤਾ ਵਰਤਣੀ ਪਵੇ। ਕਠੋਰਤਾ ਨਾਲ ਪੈਦਾ ਕੀਤੀ ਗਈ ਖ਼ੁਰਾਕ ਮਨੁੱਖੀ ਮਨ ਨੂੰ ਕਠੋਰ ਬਣਾਂਦੀ ਹੈ। ਏਸ ਖ਼ੁਰਾਕ ਦਾ ਦ੍ਰਿਸ਼ ਵੀ ਮਨੁੱਖ ਦੀ ਖ਼ੂਬਸੂਰਤੀ ਲਈ ਸੁਭਾਵਕ ਲੋਚਨਾ ਦੇ ਬਿਪ੍ਰੀਤ ਹੈ। ਜਦੋਂ ਉਹ ਇਸ ਖ਼ੁਰਾਕ ਨੂੰ ਖਾ ਕੇ ਹਟਦਾ ਹੈ ਉਸ ਦੀ ਥਾਲੀ ਵਿਚ ਹੱਡੀਆਂ ਦਾ ਕੋਝਾ ਢੇਰ ਹੁੰਦਾ ਹੈ ਤੇ ਜਦੋਂ ਉਹ ਆਪਣੀ ਖ਼ੁਰਾਕ ਖਰੀਦਣ ਜਾਂਦਾ ਹੈ ਉਹਦੇ ਸਾਹਮਣੇ ਲਾਸ਼ ਲਟਕੀ ਹੁੰਦੀ ਹੈ। ਜਿਥੇ ਇਹ ਖ਼ੁਰਾਕ ਵਿਕਦੀ ਹੈ ਉਥੇ ਦੀ ਗੰਧ ਵੀ ਚੰਗੀ ਨਹੀਂ ਹੁੰਦੀ।

ਉਹਦੇ ਮੁਕਾਬਲੇ ਵਿਚ ਸਬਜ਼ੀਆਂ ਤੇ ਫਲਾਂ ਦੀ ਧੋਤੀ ਸਜੀ ਤਾਜ਼ਾ ਦੁਕਾਨ ਕੋਲ ਐਵੇਂ ਖੜੋ ਕੇ ਵੇਖਣ ਨੂੰ ਵੀ ਜੀਅ ਕਰ ਆਉਂਦਾ ਹੈ। ਸਬਜ਼ੀਆਂ ਮਾਸ ਵਾਂਗ ਛੇਤੀ ਖਰਾਬ ਵੀ ਨਹੀਂ ਹੁੰਦੀਆਂ, ਹਾਜ਼ਮੇ ਉੱਤੇ ਭਾਰ ਵੀ ਨਹੀਂ ਪਾਂਦੀਆਂ ਤੇ ਆਪਣੇ ਵਾਂਗ ਹੀ ਮਨੁੱਖੀ ਸਰੀਰ ਨੂੰ ਨਿਰੋਲ ਰੱਖਦੀਆਂ ਹਨ। ਖਾ ਚੁਕਣ ਬਾਅਦ ਥਾਲੀ ਵੀ ਸਾਫ ਹੁੰਦੀ ਹੈ।

ਸ੍ਰਿਸ਼ਟੀ ਦਾ ਮੂਲ ਨੇਮ ਇਕ ਦੁਨੀਆ ਤੇ ਇਕ ਪਰਿਵਾਰ ਹੀ ਪ੍ਰਤੱਖ ਹੁੰਦਾ ਹੈ। ਇਸ ਨੇਮ ਤੋਂ ਬੇਪਰਵਾਹ ਰਹਿਣ ਕਰਕੇ ਮਨੁੱਖਤਾ ਮਾਰੂ ਲੜਾਈਆਂ ਦਾ ਸ਼ਿਕਾਰ ਹੋਈ ਪਈ ਹੈ। ਉਹ ਸਮਾਂ ਛੇਤੀ ਨੇੜੇ ਆ ਰਿਹਾ ਹੈ ਜਦੋਂ ਇਕ ਪਰਿਵਾਰ ਬਣ ਕੇ ਰਹੇ ਬਿਨਾਂ ਮਨੁੱਖਤਾ ਕਾਇਮ ਹੀ ਨਹੀਂ ਰਹਿ ਸਕੇਗੀ। ਜੰਗ ਤੇ ਮਾਰੂ ਹਥਿਆਰ ਵਿਵਰਜਿਤ ਕੀਤੇ ਜਾਣਗੇ ਤੇ ਹਰ ਮਨੁੱਖ ਦੂਜੇ ਦਾ ਰਕੀਬ ਹੋਣ ਦੀ ਥਾਂ ਉਹਦੀ ਅੱਖ ਦਾ ਤਾਰਾ ਹੋਵੇਗਾ। ਇਕ ਪਰਿਵਾਰਤਾ ਸਿਰਫ ਮਨੁੱਖਾਂ ਤੱਕ ਹੀ ਸੀਮਤ ਨਹੀਂ ਰਹੇਗੀ, ਇੰਦ ਚਰਿੰਦ ਸਾਰੀ ਚੇਤੰਨ ਜ਼ਿੰਦਗੀ ਇਕ ਪਰਿਵਾਰ ਬਣ ਜਾਵੇਗੀ। ਖ਼ੁਰਾਕ ਲਈ ਤੇ ਸ਼ੌਕੀਆ ਸ਼ਿਕਾਰ ਖੇਡਣ ਲਈ ਜਾਨਵਰ ਪੈਦਾ ਨਹੀਂ ਕੀਤੇ ਜਾਣਗੇ। ਜਾਨਵਰ ਜ਼ਿੰਦਗੀ ਦੀ ਖ਼ੂਬਸੂਰਤੀ ਤੇ ਵੰਨ-ਸਵੰਨਤਾ ਹੋਣਗੇ। ਮਨੁੱਖ ਆਪਣੀ ਆਤਮਕ ਨਵੀਨਤਾ ਲਈ ਜੰਗਲਾਂ ਵਿਚ ਜਾਨਵਰਾਂ ਦੇ ਪ੍ਰਸੰਨ ਦਰਸ਼ਨ ਕਰਨ ਜਾਇਆ ਕਰੇਗਾ। ਪੰਛੀਆਂ ਲਈ ਅਰਾਮ ਅਸਥਾਨ ਤੇ ਹਸਪਤਾਲ ਬਣਾਏ ਜਾਣਗੇ।

ਬਰਨਾਰਡ ਸ਼ਾਹ ਨੇ ਆਖਿਆ ਸੀ ਜਿਨਾਂ ਚਿਰ ਮਨੁੱਖ ਜਾਨਵਰਾਂ ਨੂੰ ਮਾਰ ਸਕਣ ਦੀ ਖੁੱਲ੍ਹ ਆਪਣੇ ਆਪ ਨੂੰ ਦੇਂਦਾ ਹੈ ਉਨਾਂ ਚਿਰ ਉਹ ਆਪਣੇ ਭਰਾਵਾਂ ਨੂੰ ਵੀ ਮਾਰਦਾ ਰਹੇਗਾ ਤੇ ਜੇ ਜੰਗ ਦੇ ਮਾਰੂ ਹਥਿਆਰਾਂ ਤੋਂ ਸੱਖਣੀ ਦੁਨੀਆਂ ਮਨੁੱਖ ਦਾ ਆਦਰਸ਼ ਹੈ, ਤਾਂ ਮਨੁੱਖ ਲਈ ਜ਼ਰੂਰੀ ਹੈ ਕਿ ਉਹ ਕਿਸੇ ਜੀਵ ਨੂੰ ਮਾਰ ਕੇ ਆਪਣੀ ਖ਼ੁਰਾਕ ਨਾ ਬਣਾਏ। ਸਾਇੰਸ ਤੇ ਹੁਨਰ ਸਬਜ਼ੀਆਂ ਤੇ ਫਲਾਂ ਵਿਚੋਂ ਮਾਸ ਨਾਲੋਂ ਕਿਤੇ ਨਰੋਈ ਤੇ ਸਵਾਦੀ ਖ਼ੁਰਾਕ ਬਣਾ ਸਕਦੇ ਹਨ। ਹੁਣ ਵੀ ਜਾਪਾਨ ਨੇ ਮਾਸਖੋਰੀ ਦੀ ਇੱਛਾ ਨੂੰ ਪ੍ਰਚਾਣ ਲਈ ਸਬਜ਼ੀਆਂ ਤੋਂ ਮਾਸ ਵਰਗੀ ਖ਼ੁਰਾਕ ਪੈਦਾ ਕਰ ਲਈ ਹੈ। ਸਾਇੰਸ ਮਨੁੱਖ ਲਈ ਅਨੇਕਾਂ ਤਰ੍ਹਾਂ ਦੇ ਬੇ-ਮਾਸ ਸਵਾਦਿਸ਼ਟ ਭੋਜਨ ਤਿਆਰ ਕਰ ਸਕਦੀ ਹੈ। ਬੁੱਚੜਖਾਨੇ ਤੇ ਸ਼ਰਾਬਖਾਨੇ ਸਭ ਮਨੁੱਖ ਨੂੰ ਜੰਗ ਲਈ ਪ੍ਰੇਰਨਾ ਦੇਂਦੇ ਹਨ, ਤੇ ਬੜੀ ਬਦ-ਸੂਰਤੀ ਤੇ ਬਦ ਗੰਧ ਪੈਦਾ ਕਰਦੇ ਹਨ।

ਜੇ ਪਿਆਰ ਦਇਆ, ਸੁੰਦਰਤਾ ਤੇ ਮਨ ਕੋਮਲਤਾ ਤੁਹਾਡੇ ਆਦਰਸ਼ ਹਨ ਤਾਂ ਤੁਸੀਂ ਮਾਸ ਖਾ ਹੀ ਨਹੀਂ ਸਕੋਗੇ, ਕਿਉਂਕਿ ਮਨੁੱਖ ਲਈ ਮਾਸ ਪੈਦਾ ਕਰਨ ਦੇ ਸਾਧਨ ਉਪਰਲੇ ਆਦਰਸ਼ ਨਾਲ ਟਕਰਾਂਦੇ ਹਨ।

ਇੰਦ ਚਰਿੰਦ ਤੇ ਮਨੁੱਖ ਵਾਸਤਵ ਵਿਚ ਇਕੋ ਪਰਿਵਾਰ ਹਨ। ਐਸ ਵੇਲੇ ਮਨੁੱਖ ਆਪਣੀਆਂ ਦੁਸ਼ਮਣੀਆਂ, ਲੜਾਈਆਂ ਨਫਰਤਾਂ ਤੇ ਈਰਖਾਵਾਂ ਵਿਚ ਗਰੱਸਿਆ ਹੋਇਆ ਹੈ, ਆਪੇ ਸਹੇੜੀਆਂ ਮੁਸੀਬਤਾਂ ਤੋਂ ਜਲਿਹਾਰ ਹੈ। ਇਹਦਾ ਕਲਿਆਣ ਜ਼ਿੰਦਗੀ ਦਾ ਇਕ ਪਰਿਵਾਰ ਹੈ ਤੇ ਇਕ ਪਰਿਵਾਰ ਦੇ ਜੀਅ ਇਕ ਦੂਜੇ ਨੂੰ ਮਾਰ ਕੇ ਖਾ ਨਹੀਂ ਸਕਦੇ।



Sri Satguru Jagjit Singh Ji eLibrary NamdhariElibrary@gmail.com

# ਲੋਕ ਕਥਾ

ਬਾਦਸ਼ਾਹ ਸ਼ਾਹਜਹਾਂ ਦੇ ਸ਼ਾਹੀ ਮੁਰਗੀਖਾਨੇ ਵਿਚ ਇਕ ਆਦਮੀ ਸਦਾਉਲਾ ਨੂੰ ਮੁਰਗੀਆਂ ਨੂੰ ਦਾਣਾ ਪਾਉਣ ਲਈ ਮਾਮੂਲੀ ਨੌਕਰ ਰਖਿਆ ਗਿਆ। ਕੁਝ ਚਿਰ ਬਾਅਦ ਇਕ ਦਿਨ ਅਚਾਨਕ ਬਾਦਸ਼ਾਹ ਮੁਰਗੀਖਾਨੇ ਵਲ ਆਇਆ, ਤਾਂ ਉਸਨੇ ਦੇਖਿਆ ਕਿ ਮੁਰਗੇ ਮੁਰਗੀਆਂ ਪਹਿਲਾਂ ਨਾਲੋਂ ਖੂਬ ਮੋਟੇ ਤਾਜ਼ੇ ਤੇ ਸਿਹਤਮੰਦ ਹਨ। ਬਾਦਸ਼ਾਹ ਨੇ ਕਿਹਾ, "ਓਏ ਸਦਉਲਿਆ, ਕੀ ਪਾਉਨਾ ਇਹਨਾਂ ਨੂੰ, ਕਿੰਨਾ ਕੁ ਖਰਚ ਕਰਵਾ ਦੇਨਾ, ਇਹਨਾਂ ਮੁਰਗੇ ਮੁਰਗੀਆਂ ਤੇ।" ਸਦਉਲੇ ਨੇ ਕਿਹਾ, "ਹਜ਼ੂਰ ਮੈਂ ਤਾਂ ਸਗੋਂ ਖਰਚ ਘਟਾ ਦਿੱਤਾ ਹੈ।" ਬਾਦਸ਼ਾਹ ਨੇ ਪੁੱਛਿਆ, "ਉਹ ਕਿਸ ਤਰ੍ਹਾਂ ?" ਤਾਂ ਸਦਾਉਲੇ ਨੇ ਦਸਿਆ ਕਿ ਹਜ਼ੂਰ ਸ਼ਾਹੀ ਲੰਗਰ ਦੀਆਂ ਦੇਗਾਂ ਵਿਚ ਪੁਲਾ ਵਗੈਰਾ ਬਣਾਉਣ ਵੇਲੇ, ਜਿਸ ਆਟੇ ਨਾਲ ਲਾਂਗਰੀ ਦੇਗਾਂ ਦੇ ਮੂੰਹ ਖਾਮਦੇ (ਬੰਦ ਕਰਦੇ) ਹਨ, ਲਾਂਗਰੀ ਉਸ ਨੂੰ ਬੇਕਾਰ ਸਮਝ ਕੇ ਸੁਟ ਛੱਡਦੇ ਹਨ। ਮੈਂ ਉਹ ਆਟਾ ਦੇਗਾਂ ਵਿਚ ਬਚੇ ਖੁਚੇ ਘਿਉ ਨਾਲ ਲਬੇੜ ਕੇ ਮੁਰਗੀਆਂ ਨੂੰ ਪਾ ਦਿੰਦਾ ਹਾਂ। ਇਸ ਤਰ੍ਹਾਂ ਦਾਣੇ ਦਾ ਖਰਚ ਵੀ ਘਟਦਾ ਹੈ। ਬਾਦਸ਼ਾਹ ਇਹ ਸੁਣ ਕੇ ਬਹੁਤ ਖੁਸ਼ ਹੋਇਆ, ਤੇ ਉਸਨੂੰ ਮੁਰਗੀਖਾਨੇ ਦਾ ਮੁਖੀ ਥਾਪ ਦਿੱਤਾ। ਕੁਝ ਚਿਰ ਬਾਅਦ ਜਦੋਂ ਸਦਾਉਲੇ ਨੇ ਮੁਰਗੀਖਾਨਾ ਬਹੁਤ ਵਧੀਆ ਬਣਾ ਦਿੱਤਾ, ਤਾਂ ਇਕ ਦਿਨ ਬਾਦਸ਼ਾਹ ਨੇ ਖੁਸ਼ ਹੋ ਕੇ ਕਿਹਾ "ਸਦਾਉਲਿਆ ਅਸੀਂ ਤੇਰੀ ਤਰੱਕੀ ਕਰਨੀ ਚਾਹੁੰਦੇ ਹਾਂ।" ਸਦਾਉਲੇ ਨੇ ਕਿਹਾ "ਹਜ਼ੂਰ ਜੇ ਤੁਸੀਂ ਕ੍ਰਿਪਾ ਕਰਨੀ ਹੀ ਹੈ ਤਾਂ ਮੈਨੂੰ ਸ਼ਾਹੀ ਲਾਇਬ੍ਰੇਰੀ ਵਿਚ ਕਿਤਾਬਾਂ ਝਾੜਨ ਤੇ ਲਾ ਦਿਉ।" ਸਦਾਉਲੇ ਨੂੰ ਪੜ੍ਹਨ ਦਾ ਬੜਾ ਸ਼ੌਕ ਸੀ, ਪਰ ਉਹ ਗਰੀਬ ਹੋਣ ਕਰਕੇ ਪੜ੍ਹ ਨਹੀਂ ਸੀ ਸਕਿਆ। ਇਸ ਤਰ੍ਹਾਂ ਸਦਾਉਲਾ ਲਾਇਬ੍ਰੇਰੀ ਵਿਚ ਕਿਤਾਬਾਂ ਝਾੜਨ ਤੇ ਲੱਗ ਗਿਆ। ਜਦੋਂ ਵੀ ਉਹਨੂੰ ਵਿਹਲ ਮਿਲਦੀ, ਉਹ ਕਿਤਾਬਾਂ ਪੜ੍ਹਦਾ ਰਹਿੰਦਾ। ਇਕ ਦਿਨ ਸਦਾਉਲੇ ਨੇ ਲਾਇਬ੍ਰੇਰੀ ਦੀ ਇਕ ਗੁਠੇ, ਕਪੜੇ ਦੇ ਬੜੇ ਹੀ ਖੂਬਸੂਰਤ, ਝੰਮ ਝੰਮ ਕਰਦੇ ਕਾਫੀ ਸਾਰੇ ਛੋਟੇ ਟੋਟੇ ਪਏ ਹੋਵੇ ਵੇਖੇ। ਇਹ ਉਹ ਕੱਪੜੇ ਦੇ ਟੋਟੇ ਸਨ, ਜਿਹਨਾਂ ਵਿਚ ਲਪੇਟ ਕੇ ਬਾਦਸ਼ਾਹ ਨੂੰ ਦੂਸਰੇ ਬਾਦਸ਼ਾਹ ਵਲੋਂ ਮਰਾਸਲੇ ਚਿੱਠੀਆਂ ਆਉਂਦੇ ਸਨ। ਅਹਿਲਕਾਰ ਚਿੱਠੀਆਂ ਵਿਚੋਂ ਕੱਢਕੇ ਕੱਪੜਾ ਐਵੇਂ ਸੁਟ ਛੱਡਦੇ ਸਨ। ਸਦਾਉਲੇ ਨੇ ਕੱਪੜੇ ਦੇ ਟੋਟਿਆਂ ਦੇ ਗਲਾਫ ਸਿਉਂ ਕੇ ਸਾਰੀਆਂ ਕਿਤਾਬਾਂ ਤੇ ਚਾੜ੍ਹ ਦਿੱਤੇ। ਸਾਰੀ ਲਾਇਬ੍ਰੇਰੀ ਝੰਮ ਝੰਮ ਕਰਨ ਲੱਗ ਪਈ। ਇਕ ਦਿਨ ਬਾਦਸ਼ਾਹ ਜਦ ਲਾਇਬ੍ਰੇਰੀ ਵਿਚ ਆਇਆ, ਤਾਂ ਲਾਇਬ੍ਰੇਰੀ ਦਾ ਪਲਟਿਆ ਨਕਸ਼ਾ ਦੇਖ ਕੇ ਬਹੁਤ ਖੁਸ਼ ਹੋਇਆ। ਜਦੋਂ ਸਦਾਉਲੇ ਨੇ ਦੱਸਿਆ ਕਿ ਕਿਸ ਤਰ੍ਹਾਂ ਉਸੇ ਨੇ ਬੇਕਾਰ ਸਮਝ ਕੇ ਸੁੱਟੇ ਕੱਪੜੇ ਤੋਂ ਟੋਟਿਆਂ ਨੂੰ ਕੰਮ ਲਿਆ ਹੈ, ਤਾਂ ਬਾਦਸ਼ਾਹ ਨੇ ਸਦਾਉਲਾ ਨੂੰ ਲਾਇਬ੍ਰੇਰੀ ਦਾ ਮੁਖੀ ਥਾਪ ਦਿੱਤਾ। ਇਸ ਤਰ੍ਹਾਂ ਸਦਾਉਲੇ ਨੂੰ ਕਿਤਾਬਾਂ ਪੜ੍ਹਨ ਲਈ ਹੋਰ ਵੀ ਵਿਹਲ ਮਿਲਣ ਲੱਗ ਪਈ।

ਕੁਝ ਸਮਾਂ ਪਾ ਕੇ ਇਕ ਦਿਨ ਬਾਦਸ਼ਾਹ ਸ਼ਾਹਜਹਾਂ ਨੂੰ ਸ਼ਾਹ ਇਰਾਨ ਦੀ ਇਕ ਚਿੱਠੀ ਆਈ। ਚਿੱਠੀ ਵਿਚ ਇਕ ਸਵਾਲ ਸੀ ਕਿ ਬਾਦਸ਼ਾਹ ਸ਼ਾਹਜਹਾਂ, ਸ਼ਾਹੇ ਹਿੰਦ ਹੋ ਕੇ ਆਪਣੇ ਆਪ ਨੂੰ ਸ਼ਾਹਜਹਾਂ ਯਾਨੀ ਸਾਰੀ ਦੁਨੀਆ ਦਾ ਬਾਦਸ਼ਾਹ ਕਿਸ ਤਰ੍ਹਾਂ ਕਹਿੰਦੇ ਹਨ। ਸਵਾਲ ਬਿਲਕੁਲ ਮਾਕੂਲ ਸੀ। ਆਪਣੇ ਦਰਬਾਰ ਦੇ ਸਾਰੇ ਆਲਮ ਫਾਜ਼ਲ ਬੰਦਿਆਂ ਨੂੰ ਚਿੱਠੀ ਦਾ ਜਵਾਬ ਲਿਖਣ ਲਈ ਕਿਹਾ ਗਿਆ। ਪਰ ਕਿਸੇ ਨੂੰ ਵੀ ਕੋਈ ਢੁਕਵਾਂ ਜਵਾਬ ਨਾ ਸੁਝਿਆ। ਚਿੱਠੀ ਦਾ ਪਤਾ ਸਦਾਉਲੇ ਨੂੰ ਵੀ ਲੱਗ ਚੁਕਿਆ ਸੀ। ਮੌਕਾ ਵੇਖ ਕੇ ਸਦਾਉਲੇ ਨੇ ਵੱਡੇ ਵਜ਼ੀਰ ਨੂੰ ਕਿਹਾ ਕਿ ਹਜ਼ੂਰ ਜੇ ਗੁਸਤਾਖੀ ਨਾ ਸਮਝੋ, ਤਾਂ ਮੈਂ ਇਸ ਚਿੱਠੀ ਦਾ ਜਵਾਬ ਦੇ ਸਕਦਾ ਹਾਂ। ਪਰ ਇਕ ਸ਼ਰਤ ਹੈ ਮੇਰੀ ਚਿੱਠੀ ਇਥੇ ਖੋਲ੍ਹੀ ਨਾ ਜਾਵੇ। ਬਾਦਸ਼ਾਹ ਨੂੰ ਸਦਾਉਲੇ ਦੀਆਂ ਪਿਛਲੀਆਂ ਗੱਲਾਂ ਤੋਂ ਉਸ ਦੀ ਲਿਆਕਤ ਦਾ ਯਕੀਨ ਹੋ ਚੁੱਕਿਆ ਸੀ। ਬਾਦਸ਼ਾਹ ਨੇ ਸਦਾਉਲੇ ਦੇ ਲਿਖੇ ਜਵਾਬ ਨੂੰ ਉਸ ਤਰ੍ਹਾਂ ਬੰਦ ਦਾ ਬੰਦ ਭੇਜਣ ਦਾ ਹੁਕਮ ਦੇ ਦਿੱਤਾ।

ਕੁਝ ਦਿਨਾਂ ਬਾਅਦ ਸ਼ਾਹ ਇਰਾਨ ਦੀ ਚਿੱਠੀ ਆਈ ਕਿ ਜਿਸ ਆਦਮੀ ਨੇ ਸਾਡੀ ਚਿੱਠੀ ਦਾ ਜਵਾਬ ਲਿਖਿਆ ਹੈ, ਜੇ ਤੁਸੀਂ ਉਸ ਨੂੰ ਈਰਾਨ ਭੇਜ ਦਿਉ, ਤਾਂ ਮੈਂ ਉਸ ਨੂੰ ਆਪਣੇ ਦਰਬਾਰ ਵਿਚ ਕੋਈ ਵੱਡਾ ਆਹੁਦਾ ਦੇਣਾ ਚਾਹੁੰਦਾ ਹਾਂ। ਬਾਦਸ਼ਾਹ ਸ਼ਾਹਜਹਾਂ ਇਹ ਸੁਣਕੇ ਬੜਾ ਹੈਰਾਨ ਤੇ ਖੁਸ਼ ਹੋਇਆ। ਸਦਾਉਲੇ ਨੂੰ ਸ਼ਾਹਜਹਾਂ ਦੇ ਹੁਕਮ ਨਾਲ ਬੜੇ ਸਤਿਕਾਰ ਨਾਲ ਦਰਬਾਰ ਵਿਚ ਬੁਲਾਇਆ ਗਿਆ, ਤੇ ਫਿਰ੍ਹ ਸਦਾਉਲੇ ਨੇ ਬਾਦਸ਼ਾਹ ਸਾਹਮਣੇ ਚਿੱਠੀ ਦਾ ਜਵਾਬ ਕੁਝ ਇਸ ਤਰ੍ਹਾਂ ਦੱਸਿਆ—

ਫਾਰਸੀ ਅੱਖਰਾਂ ਦੀ ਹਿੰਦਸਿਆਂ ਵਿਚ ਕੀਮਤ ਵੀ ਹੁੰਦੀ ਹੈ, ਜਿਸ ਤਰ੍ਹਾਂ ਅਲਫ ਦੀ ਇਕ, ਬੇ ਦੀ ਦੋ, ਪੇ ਦੀ ਤਿੰਨ। ਇਕ ਪਾਸੇ ਸ਼ਾਹਜਹਾਂ ਲਿਖਕੇ ਇਕ ਇਕ ਅਖਰ ਦੀ ਥਲੇ ਕੀਮਤ ਲਾ ਦਿੱਤੀ। ਇਕ ਪਾਸੇ ਸ਼ਾਹੇ ਹਿੰਦ ਲਿਖਕੇ ਇਕ ਇਕ ਅਖਰ ਦੀ ਕੀਮਤ ਲਾ ਦਿੱਤੀ। ਥੱਲੇ ਦੋਵਾਂ ਦਾ ਵੱਖਰਾ ਵੱਖਰਾ ਜੋੜ ਲਾ ਦਿੱਤਾ। ਸ਼ਾਹਜਹਾਂ ਦਾ ਜੋੜ, ਸ਼ਾਹੇ ਹਿੰਦ ਦੇ ਜੋੜ ਦੇ ਬਰਾਬਰ ਸੀ। ਇਸ ਦਾ ਅਰਥ ਇਹ ਹੋਇਆ, ਸ਼ਾਹੇ ਹਿੰਦ ਦੀ ਕੀਮਤ ਜਾਂ ਮਹੱਤਤਾ ਸ਼ਾਹੇਜਹਾਂ ਦੇ ਬਰਾਬਰ ਹੈ। ਸੋ ਸ਼ਾਹੇ ਹਿੰਦ ਨਾ ਲਿਖਿਆ, ਸ਼ਾਹਜਹਾਂ ਲਿਖ ਲਿਆ, ਗੱਲ ਇਕ ਹੀ ਹੈ। ਇਹ ਸੁਣ ਬਾਦਸ਼ਾਹ ਬਹੁਤ ਖੁਸ਼ ਹੋਇਆ ਤੇ ਸਦਾਉਲਾ ਨੂੰ ਨਵਾਬ ਦਾ ਆਹੁਦਾ ਬਖਸ਼ਿਆ। ਇਸ ਤਰ੍ਹਾਂ ਇਕ ਮਾਮੂਲੀ ਨੌਕਰ ਸਦਾਉਲਾ ਆਪਣੀ ਯੋਗਤਾ ਤੇ ਮਿਹਨਤ ਨਾਲ ਨਵਾਬ ਸਦਾਉਲਾ ਖਾਂ ਬਣਿਆ।

*—ਪੰਜਾਬੀ ਰੂਪ: ਅਵਤਾਰ ਸਿੰਘ*



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# "ਵਈਂ ਨੂੰ ਵਹਿਣ ਦੇਵੋ ਦੋਸਤੋ"

—ਤਰਲੋਕ ਮਨਸੂਰ

ਪ੍ਰੋ. ਮੋਹਨ ਸਿੰਘ ਦੀ ਇਕ ਰੁਬਾਈ ਹੈ—

ਮੈਂ ਆਸ਼ਕ ਮੇਰੇ ਫੁੱਲ ਸੁਹਾਵੇ।
ਮੇਰੀ ਕਦਰ ਕੋਈ ਆਸ਼ਕ ਪਾਵੇ।
ਗੰਗਾ ਬਾਹਮਣੀ ਕੀ ਜਾਣੇਂ ?
ਮੇਰੇ ਫੁੱਲ ਝਨਾਂ ਵਿਚ ਪਾਣੇਂ।

ਗੱਲ ਜੇ ਆਸ਼ਕਾਂ ਦੀ ਕਰਨੀ ਹੋਵੇ ਤਾਂ ਜੋੜ ਝਨਾਂ ਨਾਲ ਹੀ ਜੁੜਦਾ ਹੈ। ਪਰ ਜੇ ਗੱਲ ਗੁਰੂ ਨਾਨਕ ਨਾਮ-ਲੇਵਾ ਸ਼ਰਧਾਲੂਆਂ ਦੀ ਸ਼ਰਧਾ ਦੀ ਲਈਏ ਤਾਂ ਨਾਮ-ਰੱਤੇ ਹਿਰਦਿਆਂ ਦੀ ਪ੍ਰੀਤ ਦਾ ਰਿਸ਼ਤਾ 'ਵਈਂ' ਤੋਂ ਵੱਖ ਨਹੀਂ ਕਲਪਿਆ ਜਾ ਸਕਦਾ। ਕਿਹੜਾ ਸਿੱਖ ਹਿਰਦਾ ਹੈ, ਜੋ ਵਈਂ ਦੇ ਪਵਿੱਤਰ ਨਾਮ ਤੋਂ ਵਿਰਵਾ ਹੈ ? ਮੇਰੇ ਬਾਬੇ ਨਾਨਕ ਦੀ ਵਈਂ।

ਮੇਰੇ ਕੰਨੀ ਵਈਂ ਦਾ ਨਾਂਅ ਬਾਲਪਨ ਵਿਚ ਮਾਂ ਦੀ ਗੋਦ 'ਚ ਬਹਿ ਕੇ ਗੁਰੂ-ਘਰ ਦੀਆਂ ਸਾਖੀਆਂ ਸੁਣਦਿਆਂ ਹੀ ਪੈ ਗਿਆ ਸੀ। ਮੈਂ ਕਹਿ ਸਕਦਾ ਹਾਂ ਕਿ ਮੇਰੇ ਲਈ ਇਹ ਨਾਂਅ ਨਿਰਾ ਨਾਂਅ ਨਾ ਰਹਿ ਕੇ ਸੰਸਕਾਰ ਦਾ ਦਰਜਾ ਪ੍ਰਾਪਤ ਕਰ ਚੁੱਕਾ ਹੈ।

ਛੋਟਾ ਸਾਂ ਤਾਂ ਮੇਰੇ ਲਈ 'ਵਈਂ', 'ਸੁਲਤਾਨ ਪੁਰ ਲੋਧੀ' ਅਤੇ 'ਬੇਰ ਸਾਹਿਬ' ਆਦਿ ਕਿਸੇ ਦੂਰ-ਦੁਰਾਡੇ ਦੇਸ਼ ਦੀ ਸੈਅ ਵਾਂਗ ਸਨ। ਦਿਲ ਵਿਚ ਇਕ ਲਾਲਸਾ, ਇਕ ਤੜਫ ਜਹੀ ਸੀ ਕਿ ਵੱਡਾ ਹੋਇਆ ਤਾਂ ਸੁਲਤਾਨਪੁਰ ਲੋਧੀ, ਬਾਬੇ ਨਾਨਕ ਦੀ ਕਰਮ-ਭੂਮੀ ਅਵੱਸ਼ ਜਾਵਾਂਗਾ। ਉਹਨਾਂ ਗਲੀਆਂ 'ਚ ਭੌਂਅ ਕੇ ਵੇਖਾਂਗਾ, ਜਿਨ੍ਹਾਂ ਨੂੰ ਕਦੇ ਗੁਰੂ ਨਾਨਕ ਦੀ ਚਰਨ-ਛੋਹ ਪ੍ਰਾਪਤ ਹੋਈ ਸੀ।

ਸਾਲ ਲੰਘੇ, ਵਕਤ ਆਇਆ—ਮੁਲਕ ਅਜ਼ਾਦ ਹੋਇਆ। ਦੇਸ਼ ਦੋ ਹਿਸਿਆਂ ਵਿੱਚ ਵੰਡਿਆ ਗਿਆ। ਅਸੀਂ ਉਧਰੋਂ ਸਿਆਲਕੋਟ ਤੋਂ ਉਜੜ ਕੇ ਏਧਰ ਮਲੇਰਕੋਟਲੇ ਨੇੜੇ ਆਣ ਵਸੇ। ਮੇਰੇ ਵੱਡੇ ਸਾਂਢੂ ਨੂੰ ਜ਼ਮੀਨ ਸੁਲਤਾਨਪੁਰ ਲੋਧੀ ਅਲਾਟ ਹੋ ਗਈ। ਤੇ ਇੰਜ ਮੈਨੂੰ ਇਸ ਪਵਿੱਤਰ ਧਰਤੀ ਤੇ ਮੇਰੇ ਸੰਸਕਾਰਾਂ ਵਿਚ ਵਗਦੀ ਵਈਂ ਵਿਚ ਇਸ਼ਨਾਨ ਕਰਨ ਦਾ ਚਾਅ ਸੁਲਤਾਨਪੁਰ ਲੋਧੀ ਲੈ ਆਇਆ। ਮੈਂ 'ਬਾਬੇ ਦੀ ਬੇਰ' ਦੇ ਦਰਸ਼ਨ ਕੀਤੇ। ਨਿਹਾਲ ਹੋਇਆ ਮਸਤਕ ਝੁਕਿਆ। ਮੇਰੇ ਸੁਪਨਿਆਂ ਦੀ ਤਾਬੀਰ ਹੋਈ। ਪਰ .......।

ਪਰ ਮਨ ਨੂੰ ਇਕ ਤਰ੍ਹਾਂ ਦਾ ਧੱਕਾ ਜਿਹਾ ਵੀ ਲੱਗਾ। ਇਕ ਤਰ੍ਹਾਂ ਦੀ ਠੇਸ।

ਮਨ-ਮਸਤਕ ਵਿਚ ਜੋ ਵਈਂ ਮੈਂ ਕਲਪੀ ਹੋਈ ਸੀ, ਗੰਗਾ ਦੇ ਪਾਣੀਆਂ ਵਰਗੀ ਪਾਕ-ਪਵਿੱਤਰ ਤੇ ਸਾਫ-ਸੁਥਰੀ, ਇਹ ਵਈਂ ਉਹ ਨਹੀਂ ਸੀ। ਪਾਣੀ ਮਟ-ਮੈਲਾ ਸੀ। ਘਾਟ ਨਾਂ ਹੋਇਆ ਵਰਗਾ। ਕੰਢੇ ਅਤਿ ਗੰਦੇ। ਘਾਹ-ਬੂਟ ਨਾਲ ਢਕੇ ਹੋਏ। ਬੇ-ਡੌਲ ਜਹੀ, ਤਾਂ ਵੀ ਇਹ ਵਗਦੀ ਸੀ। ਪਾਰਲੇ ਪਾਸੇ ਜਾਣ ਲਈ ਪੁਰਾਣੇ ਟੁੱਟੇ ਪੁਲ ਲਾਗਿਉਂ ਇਕ ਬੇੜੀ ਚਲਦੀ ਸੀ ਜਿਸ ਤੇ ਸਵਾਰ ਹੋ ਕੇ ਹੱਲ-ਪੰਜਾਲੀਆਂ ਸਣੇ ਬੈਲ ਤੇ ਉਹਨਾਂ ਦੇ ਮਾਲਕ ਆਰ ਪਾਰ ਆਉਂਦੇਂ ਜਾਂਦੇ ਹਨ।

ਪਿਛਲੀ ਅੱਧੀ ਸਦੀ ਵਿਚ ਵਈਂ ਦਾ ਜੋ ਹਾਲ ਹੁੰਦਾ ਮੈਂ ਅੱਖੀ ਵੇਖਿਆ ਹੈ, ਉਸ ਦੀ ਗੱਲ ਕਰਦਿਆਂ ਸ਼ਰਮ ਵੀ ਆਉਂਦੀ ਹੈ ਤੇ ਦੁੱਖ ਵੀ ਆਉਂਦਾ ਹੈ। ਸੁਲਤਾਨਪੁਰ ਲੋਧੀ ਦੀ ਜ਼ਿਆਦਾਤਰ ਵਸੋਂ ਜੰਗਲ ਪਾਣੀ ਜਾਣ ਲਈ ਵਈਂ ਦੇ ਕੰਢੇ ਜਾਂਦੀ ਰਹੀ ਤੇ ਜਾ ਰਹੀ ਹੈ। ਵਈਂ ਦੇ ਦੋਹੀਂ ਪਾਸੀਂ ਜੱਟਾਂ ਦੇ ਖੇਤ ਹਨ। ਹੋਰ ਜ਼ਿਮੀਂ ਦੀ ਲਾਲਸਾ ਵਿਚ, ਹਰ ਸਾਲ ਇਹ ਕਿਸਾਨ ਭਰਾ ਖੇਤਾਂ ਦੀਆਂ ਵੱਟਾਂ ਨੂੰ ਅੱਗੇ ਵਧਾਈ ਜਾ ਰਹੇ ਹਨ। ਖੇਤ ਵਾਹ ਕੇ ਵਿਚ ਰੂੜੀ ਪਾਈ ਜਾਂਦੀ ਹੈ। ਤੇਜ਼ ਬਾਰਸ਼ ਦੇ ਪਾਣੀ ਦੇ ਵਹਾ ਨਾਲ ਇਹ ਮਿੱਟੀ ਵਈਂ ਦੀ ਤਹਿ ਵਿਚ ਜੰਮਦੀ ਚਲੀ ਜਾਂਦੀ ਹੈ ਤੇ ਸਾਲੋ ਸਾਲ ਵਈਂ ਸੁੰਗੜਦੀ ਗਈ ਹੈ। ਇਹ ਕਈ ਥਾਵਾਂ ਤੇ ਤਾਂ ਮੁਕੰਮਲ ਤੌਰ ਤੇ ਖੇਤਾਂ ਹੇਠ ਆ ਗਈ ਹੈ। ਚੜ੍ਹੀ ਜੁੱਤੀ ਆਰ ਪਾਰ ਜਾਇਆ ਜਾ ਸਕਦਾ ਹੈ। ਇਹ ਵਈਂ ਛੱਪੜੀਆਂ ਦੀ ਇਕ ਲਾਮ-ਡੋਰੀ ਜਹੀ ਬਣ ਕੇ ਰਹਿ ਗਈ ਹੈ। ਜਿਸ ਦੇ ਪਾਣੀਆਂ ਨੂੰ ਵੀ ਦੁਧ ਤੇ ਆਈ ਮਲਾਈ ਵਾਂਗ ਹਰੀ ਬੂਟੀ ਨੇ ਕੱਜ ਲਿਆ ਹੈ। (ਇਹ ਹਰੀ ਬੂਟੀ ਵੀ ਸਾਡੇ ਪਵਿੱਤਰ ਪਾਣੀਆਂ ਨੂੰ ਇਕ ਤਰ੍ਹਾਂ ਨਾਲ ਕਿਸੇ ਅੰਗਰੇਜ਼ ਵਲੋਂ ਦਿੱਤਾ ਹੋਇਆ ਸਰਾਪ ਹੀ ਹੈ। ਜਿਵੇਂ ਕਿ ਤੁਸੀਂ ਜਾਣਦੇ ਹੀ ਹੋਵੋਗੇ ਕਿ ਦੂਜੀ ਵਿਸ਼ਵ-ਜੰਗ ਤੋਂ ਪਹਿਲਾਂ ਅੰਗਰੇਜ਼ਾਂ ਦਾ ਯੂਨੀਅਨ-ਜੈਕ ਅੱਧੀ ਤੋਂ ਵੱਧ ਦੁਨੀਆ ਤੇ ਝੁਲਦਾ ਸੀ। ਵੱਖ-ਵੱਖ ਦੇਸ਼ਾਂ ਦੀਆਂ ਸੈਨਾਵਾਂ ਵਿਚ ਨੌਕਰੀ ਕਰਦੇ ਅੰਗਰੇਜ਼ ਅਫਸਰ ਗਾਹੇ-ਬਗਾਹੇ ਬਦਲੀ ਹੋ ਕੇ ਇਕ ਤੋਂ ਦੂਜੇ ਦੇਸ਼ ਜਾਂਦੇ ਆਉਂਦੇ ਰਹਿੰਦੇ ਸਨ। ਬਰਾਜ਼ੀਲ ਦੇਸ਼ ਦੇ ਦਰਿਆ ਐਮਜ਼ਨ ਵਿਚ ਤਰਦੀ ਇਸ ਬੂਟੀ ਦੇ ਫੁੱਲ ਕਿਸੇ ਅੰਗਰੇਜ਼ ਅਫਸਰ ਦਾ ਮਨ ਮੋਹ ਗਏ। ਤੇ ਬਦਲੀ ਸਮੇਂ ਉਹ 'ਬੰਦੇ ਦਾ ਪੁੱਤਰ' ਇਹ ਸੌਗਾਤ ਸਾਡੇ ਲਈ ਏਥੇ ਲੈ ਆਇਆ ਸੀ)

ਵਈਂ ਦਾ ਇਹ ਹਾਲ ਵੇਖਦਾ ਸਾਂ ਤੇ ਦੁਖੀ ਹੁੰਦਾ ਸਾਂ। ਸ਼ਰਮਸਾਰ ਹੋਇਆ ਸੋਚਦਾ ਸਾਂ—ਅਸਾਂ ਇਸ ਦਾ ਇਹ ਕੀ ਹਾਲ ਕਰ ਛੱਡਿਆ ਹੈ ? ਜਿਵੇਂ ਕਦੇ ਸਰਸਵਤੀ ਲੋਪ ਹੋ ਗਈ ਸੀ, ਤੇ ਉਹਦਾ ਨਾਂ ਅੱਜ ਵੀ ਜਨ-ਮਾਨਸ ਦੇ ਚੇਤਿਆਂ ਵਿਚ ਰਹਿ ਗਿਆ ਹੈ। ਕੀ ਇਸ ਵਈਂ ਦਾ ਵੀ ਇਹੀ ਹਸ਼ਰ ਹੋਵੇਗਾ ? ਬਾਬੇ ਨਾਨਕ ਦੀਆਂ ਬਖਸ਼ਿਸ਼ਾਂ ਦਾ ਚੰਗਾ ਮੁਲ ਤਾਰਿਆ ਅਸਾਂ ?

ਜਿਸ ਤਰ੍ਹਾਂ ਕਦੇ ਦੇਵਤਿਆਂ ਨੇ ਸੁਮੇਰ ਪਰਬਤ ਦਾ ਮਧਾਣਾਂ ਬਣਾ ਸ਼ੇਸ਼ਨਾਗ ਦਾ ਨੇਤਰਾ ਪਾ ਕੇ ਖੀਰ ਸਾਗਰ


Sri Satguru Jagjit Singh Ji eLibrary NamdhariElibrary@gmail.com

ਸਮੁੰਦਰ ਨੂੰ ਰਿੜਕਿਆ ਤੇ ਤਰ੍ਹਾਂ ਤਰ੍ਹਾਂ ਦੇ ਦੁਰਲਭ ਰਤਨ ਕੱਢੇ ਸਨ, ਠੀਕ ਇੰਝ ਹੀ ਕਦੇ ਗੁਰੂ ਨਾਨਕ ਨੇ ਇਸ ਵਈਂ ਦੇ ਨਿਰਮਲ ਪਾਣੀਆਂ ਵਿਚ ਚੁੱਭੀ ਲਾ ਕੇ ੧ੳ ਸਤਿ ਨਾਮ... ਮੂਲ-ਮੰਤਰ ਦਾ ਵੱਡਮੁੱਲਾ ਰਤਨ ਕੱਢ ਕੇ ਜਗਤ ਜਲੰਦੇ ਦੀ ਤਲੀ ਤੇ ਧਰਿਆ ਸੀ। ਪਰ ਅਸੀਂ ?

ਪਰ ........... ਫਿਰ.............।

ਦੋ ਕੁ ਸਾਲ ਹੋਏ 'ਧਰਤ ਸੁਹਾਵੀ' ਦਾ ਸੰਕਲਪ ਲੈ ਕੇ ਲਾਂਬੜਾ ਤੋਂ ਡਾਕਟਰ ਨਿਰਮਲ ਸਿੰਘ ਅੱਗੇ ਆਇਆ, ਵਈਂ ਦੀ ਸਾਰ ਲੈਣ ਲਈ। ਵਾਤਾਵਰਣ ਪ੍ਰਦੂਸ਼ਣ ਉੱਤੇ ਉਸ ਲੇਖ ਵੀ ਲਿਖੇ ਤੇ ਪੈਂਫਲਿਟ ਛਪਵਾ ਕੇ ਮੁਫਤ ਵੀ ਵੰਡੇ। ਹੁਣ ਉਹਨਾਂ ਦੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਹੋਇਆਂ ਸੰਤ ਬਲਬੀਰ ਸਿੰਘ ਜੀ 'ਸੀਚੇਵਾਲ' ਨੇ ਵਈਂ ਦੀ ਸਫਾਈ ਦੀ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਕਾਰ ਸੇਵਾ ਸ਼ੁਰੂ ਹੋ ਗਈ ਹੈ। ਸੁਲਤਾਨਪੁਰ ਜਾਓ ਤਾਂ ਸੰਤ ਜੀ ਆਪ ਕਾਰ ਵਿਚ ਰੁੱਝੇ ਮਿਲਦੇ ਹਨ। ਹੱਥੀਂ ਸੇਵਾ ਵੇਖਾ ਵੇਖੀ ਹੋਰ ਲੋਕ ਵੀ ਆ ਰਹੇ ਹਨ। ਸੰਗਤਾਂ ਭਰਪੂਰ ਸਹਿਯੋਗ ਦੇ ਰਹੀਆਂ ਹਨ। ਇਹ ਕਾਰ ਸੇਵਾ ਜਾਰੀ ਹੈ।

ਇਹ ਸ਼ੁਭ ਸਮਾਚਾਰ ਹੈ ਤੇ ਚੰਗੇਰੇ ਪਾਸੇ ਵੱਲ ਪੁੱਟਿਆ ਗਿਆ ਇਕ ਕਦਮ। ਪਰ ਕੀ ਏਨਾ ਹੀ ਕਾਫੀ ਹੈ ? ਕਾਰ ਸੇਵਾ ਰਾਹੀਂ ਜੇ ਬੇਰ ਸਾਹਿਬ ਤੋਂ ਲੈ ਕੇ ਸੰਤ-ਘਾਟ ਤੱਕ ਵਈਂ ਸਾਫ ਹੋ ਜਾਂਦੀ ਹੈ। ਕੰਢੇ ਵੀ ਕਾਇਮ ਕਰ ਦਿੱਤੇ ਜਾਂਦੇ, ਤਾਂ ਕੀ ਸਾਹ-ਸੱਤ-ਹੀਨ ਹੋਈ ਵਈਂ ਵਿਚ ਪ੍ਰਾਣ ਪੈ ਜਾਣਗੇ ? ਵਈਂ ਦੀ ਲੰਬਾਈ ਤਕਰੀਬਨ ਸੱਤਰ ਕਿਲੋ-ਮੀਟਰ ਹੈ। ਬਾਕੀ ਦੀ ਸਫਾਈ ਕੌਣ ਕਰੇਗਾ ?

ਇਸ ਲਈ ਕਿਸੇ ਵਡੇਰੇ ਹੰਭਲੇ ਤੇ ਸੁਚੱਜੀ ਵਿਉਂਤ ਦੀ ਲੋੜ ਹੈ। ਸਾਡੇ ਕੋਲ ਸਾਡੇ ਹੀ ਵੋਟਾਂ ਨਾਲ ਚੁਣੀ ਹੋਈ ਸਾਡੀ ਅਖਵਾਂਦੀ ਤੇ ਸਾਡੇ ਹਿੱਤਾਂ ਦਾ ਦਮ ਭਰਦੀ ਸਰਕਾਰ ਵੀ ਹੈ। ਏਸ ਪਾਸੇ ਕੁਝ ਉਸ ਦਾ ਵੀ ਫਰਜ਼ ਬਣਦਾ ਹੈ। ਮਹਿਕਮਾ ਮਾਲ ਰਾਹੀਂ ਵਈਂ ਦੇ ਨਾਲ ਲਗਦੇ ਖੇਤਾਂ ਦੀ ਪੈਮਾਇਸ਼ ਕਰ ਕੇ ਨਵੇਂ ਸਿਰੇ ਤੋਂ ਹੱਦਾਂ ਦੀ ਨਿਸ਼ਾਨ-ਦੇਹੀ ਕੀਤੀ ਜਾਵੇ। ਪਿੰਡ ਪਿੰਡ ਵਿਚ ਸਰਪੰਚਾਂ ਦੀ ਸਰਪਰਸਤੀ ਹੇਠ ਕਾਰ-ਸੇਵਾ ਕਮੇਟੀਆਂ ਬਣਾਈਆਂ ਜਾਣ। ਹਰੀ ਬੂਟੀ ਕੱਢ ਕੇ ਸੁਕਾਈ ਸਾੜੀ ਜਾਵੇ। ਜੰਮ ਗਈ ਗਾਰ ਬਾਹਰ ਕੱਢੀ ਜਾਵੇ। ਤੇ ਇੰਜ ਇਸ ਵਈਂ ਦਾ ਉਹ ਰੂਪ ਮੁੜ ਸਾਕਾਰ ਕੀਤਾ ਜਾਵੇ, ਜੋ ਰੂਪ ਨਾਨਕ ਬਾਬੇ ਦੇ ਸਮਿਆਂ ਵਿਚ ਸੀ। ਨਿਰਮਲ ਤੇ ਸਵਛ ਜਲ ਧਾਰਾ ਦਾ ਰੂਪ, ਜਿਸ ਵਿਚ ਇਸ਼ਨਾਨ ਕੀਤਿਆਂ ਰੂਹ ਗੁਲਾਬ ਦੇ ਫੁੱਲ ਵਾਂਗ ਖਿੜ ਜਾਵੇ।

ਆਓ ਸਾਰੇ ਰਲ ਕੇ ਹੰਭਲਾ ਮਾਰੀਏ। ਵਈਂ ਨੂੰ ਵਹਿਣ ਦਈਏ ਦੋਸਤੋ। ਵਈਂ ਨਿਰੀ ਭੋਏਂ ਤੇ ਹੀ ਨਹੀਂ ਵਗਦੀ ਇਸ ਦਾ ਵਾਸ ਸਾਡੇ ਹਿਰਦਿਆਂ ਵਿਚ ਵੀ ਹੈ।

*੧੬੦ ਫੈਕਟਰੀ ਏਰੀਆ*
*ਗੋਇੰਦਵਾਲ ਸਾਹਿਬ-੧੪੩੪੨੩*

# ਵੇਈਂ ਦੀ ਰੂ-ਦਾਦ

**—ਅਜੈਬ ਸਿੰਘ**

ਨਾਨਕ ਦੀ ਛੋਹ ਪਾ ਕੇ ਵੇਈਂ ਥੱਰ ਥੱਰਾ ਉਠੀ
ਵਹਦਤ ਦਾ ਨਾਦ ਸੁਣ ਕੇ ਜ਼ਮਾਨਾ ਹੀ ਝੁਕ ਗਿਆ

ਐਸੀ ਪਵਿਤਰ ਨਦੀ ਦਾ ਕੀ ਹਾਲ ਹ ਗਿਆ
ਪ੍ਰਾਣ ਸ਼ਾਨ ਇਸਦੀ, ਪਾਣੀ ਹੀ ਮੁਕ ਗਿਆ

ਪਿੰਡਾਂ, ਗਰਾਵਾਂ, ਕਸਬਿਆਂ ਨੇ ਗੰਦ ਜੋ ਭੀ ਸੀ
ਵੇਈਂ 'ਚ ਏਦਾਂ ਸੁਟਿਆ ਕਿ ਸਾਹ ਹੀ ਰੁਕ ਗਿਆ

ਇਸਦਾ ਸਵੱਛ ਨੀਰ ਜੋ ਝਲਕਾਂ ਸੀ ਮਾਰਦਾ
ਮੂੰਹ ਲੁਕਾਈ ਫਿਰ ਰਿਹਾ, ਧਰਤੀ 'ਚ ਸੁੱਕ ਗਿਆ

ਜਿਸ ਉਨੀਦੀ ਕੌਮ ਨੇ ਵਿਰਸਾ ਨਾ ਸਾਂਭਿਆ
ਹਰ ਬਸ਼ਰ ਉਹਦਾ ਅਸਲ ਨਿਸ਼ਾਨੇ ਤੋਂ ਉਕ ਗਿਆ

ਨਾ-ਸ਼ੁਕਰਿਓ! ਜਦ ਉਸ ਕਿਹਾ, ਮੈਂ ਧਰਤੀ 'ਚ ਧਸ ਗਿਆ
ਉਹ ਮੇਰੇ ਅੱਲੇ ਜ਼ਖਮਾਂ ਤੇ ਕਿੰਝ ਲੂਣ ਭੁੱਕ ਗਿਆ।

*ਅਸੀਸ, ਦੀ ਮਾਲ, ਕਪੂਰਥਲਾ*

## ਭਗਤ

ਇਕ ਵਾਰ ਨਾਰਦ ਮੁਨੀ ਨੇ ਵਿਸ਼ਨੂੰ ਭਗਵਾਨ ਕੋਲ ਜਾ ਕੇ ਪੁੱਛਿਆ—ਭਗਵਾਨ, ਸੰਸਾਰ ਵਿਚ ਸਭ ਤੋਂ ਮਹਾਨ ਕੌਣ ਹੈ।

ਭਗਵਾਨ ਨੇ ਕਿਹਾ—ਨਾਰਦ ਜੀ, ਸਭ ਤੋਂ ਮਹਾਨ ਤਾਂ ਇਹ ਧਰਤੀ ਲਗਦੀ ਹੈ। ਪਰ ਇਹ ਧਰਤੀ ਚਾਰ ਪਾਸਿਆਂ ਤੋਂ ਪਾਣੀ ਨਾਲ ਘਿਰੀ ਹੋਈ ਹੈ। ਇਸ ਵਾਸਤੇ ਸਮੁੰਦਰ ਮਹਾਨ ਹੈ। ਪਰ ਅਗਸਤ ਰਿਸ਼ੀ ਸਮੁੰਦਰ ਨੂੰ ਪੀ ਗਏ ਸਨ ਇਸ ਵਾਸਤੇ ਅਗਸਤ ਰਿਸ਼ੀ ਮਹਾਨ ਹੈ।

ਪਰ ਅਗਸਤ ਤਾਂ ਅਕਾਸ਼ ਵਿਚ ਇਕ ਤਾਰਾ ਹੀ ਹੈ ਇਸ ਵਾਸਤੇ ਅਕਾਸ਼ ਮਹਾਨ ਹੈ। ਪ੍ਰੰਤੂ ਭਗਵਾਨ ਵਿਸ਼ਨੂੰ ਨੇ ਅਕਾਸ਼ ਨੂੰ ਇਕ ਕਦਮ ਵਿਚ ਵੀ ਮਾਪ ਲਿਆ ਸੀ ਇਸ ਵਾਸਤੇ ਵਿਸ਼ਨੂੰ ਭਗਵਾਨ ਮਹਾਨ ਹੈ। ਪਰ ਹੇ ਨਾਰਦ ਜੀ ਭਗਤ ਆਪਣੇ ਛੋਟੇ ਜਿਹੇ ਹਿਰਦੇ ਵਿਚ ਭਗਵਾਨ ਨੂੰ ਭਰ ਲੈਂਦਾ ਹੈ। ਇਸ ਵਾਸਤੇ ਭਗਤ ਹੀ ਇਸ ਸੰਸਾਰ ਵਿਚ ਮਹਾਨ ਹੈ।


Sri Satguru Jagjit Singh Ji eLibrary NamdhariElibrary@gmail.com

https://archive.org/details/namdhari


੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਈਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

**ਫ਼ਰਸ਼ੀ ਦਰੀਆਂ ਅਤੇ ਗ਼ਲੀਚੇ**

ਨਿਰਮਾਤਾ :

# ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

*Manufactuers* :

# Namdhari Sales

10240/54, Library Road, Azad Market, Delhi-11006




Sri Satguru Jagjit Singh Ji eLibrary NamdhariElibrary@gmail.com

# ਗਲੇ ਦਾ ਹਾਰ ਹੋਈ

—ਜਸਵੰਤ ਸਿੰਘ ਵਿਰਦੀ

ਮਨਿਸਟਰ ਸਾਬ੍ਹ ਸ਼ਾਮ ਵੇਲੇ ਘਰ ਆਏ ਤਾਂ ਉਨ੍ਹਾਂ ਦੇ ਗਲੇ ਵਿਚ ਪੰਜ ਪੰਜ ਸੌ ਰੁਪਏ ਦੇ ਨੋਟਾਂ ਵਾਲੇ ਮਹਿਕਦੇ ਹਾਰ ਸਨ। ਉਹ ਹਾਰ ਏਨੇ ਬਹੁਤੇ ਸਨ ਕਿ ਮਨਿਸਟਰ ਸਾਬ੍ਹ ਲਈ ਸਾਹ ਲੈਣਾ ਔਖਾ ਹੋ ਗਿਆ ਸੀ। ਉਨ੍ਹਾਂ ਦੀ ਇਸ ਔਖਿਆਈ ਨੂੰ ਮਹਿਸੂਸ ਕਰਕੇ ਉਨ੍ਹਾਂ ਦੇ ਪਰਿਵਾਰ ਦੇ ਲੋਕਾਂ ਨੇ ਕਾਹਲੀ ਨਾਲ ਅੱਗੇ ਵਧਕੇ ਉਨ੍ਹਾਂ ਦੇ ਗਲੇ ਵਿਚੋਂ ਹਾਰ ਲਾਹੁਣੇ ਸ਼ੁਰੂ ਕਰ ਦਿੱਤੇ। ਪਰ ਉਨ੍ਹਾਂ ਲੋਕਾਂ ਨੇ ਦੇਖਿਆ ਕਿ ਇਕ ਹਾਰ ਅਜਿਹਾ ਵੀ ਸੀ ਜਿਸ ਨੂੰ ਉਹ ਲੋਕ ਹੱਥ ਨਹੀਂ ਸਨ ਲਾ ਸਕਦੇ, ਬਲਕਿ ਉਸ ਨੂੰ ਦੇਖਕੇ ਸਭੋ ਹੀ ਭੈ-ਭੀਤ ਹੋ ਗਏ ਸਨ। ਡਰ ਲੋਕਾਂ ਦੀ ਮਾਨਸਿਕਤਾ ਵਿਚ ਵੀ ਸਮਾਇਆ ਹੋਇਆ ਸੀ।

ਉਹ ਹਾਰ ਇਕ ਨਾਗਨੀ ਦਾ ਸੀ। ਨਾਗਰੀ ਕਾਲੇ ਰੰਗ ਦੀ ਸੀ ਅਤੇ ਉਸ ਦਾ ਰੂਪ ਬਹੁਤ ਹੀ ਲਿਸ਼ਕ ਰਿਹਾ ਸੀ। ਸ਼ਾਮ ਦੀ ਧੁੱਪ ਦੀਆਂ ਕਿਰਣਾਂ ਉਸ ਨੂੰ ਹੋਰ ਵੀ ਸੁੰਦਰ ਬਣਾ ਰਹੀਆਂ ਸਨ। ਉਸ ਦੀ ਜੀਭ ਲਪਲਪਾ ਰਹੀ ਅਤੇ ਥਰਥਰਾ ਰਹੀ ਸੀ, ਜਿਵੇਂ ਕਹਿ ਰਹੀ ਹੋਵੇ 'ਦਿਉ ਮੈਨੂੰ ਖਾਣ ਪੀਣ ਲਈ।' ਪਰ ਨਹੀਂ, ਉਹ ਨਾਗਨੀ ਮਨਿਸਟਰ ਸਾਬ੍ਹ ਨੂੰ ਕੁਝ ਕਹਿ ਨਹੀਂ ਸੀ ਰਹੀ ਪਰ ਉਹਦੇ ਵਿਚ ਹਰਕਤ ਸੀ, ਹਰਾਰਤ ਸੀ, ਸ਼ਰਾਰਤ ਸੀ। ਉਸਨੂੰ ਦੇਖ ਕੇ ਮਨਿਸਟਰ ਸਾਬ੍ਹ ਦੇ ਪਰਿਵਾਰ ਵਾਲਿਆਂ ਨੇ ਪਹਿਲਾਂ ਸਮਝਿਆ ਕਿ ਉਹ ਨਾਗਨੀ ਅਸਲੀ ਨਹੀਂ, ਸਗੋਂ ਰਬੜ ਜਾਂ ਪਲਾਸਟਿਕ ਦੀ ਹੋਵੇਗੀ। ਪਰ ਮਨਿਸਟਰ ਸਾਬ੍ਹ ਨੇ ਉਨ੍ਹਾਂ ਲੋਕਾਂ ਦਾ ਭਰਮ-ਭੁਲੇਖਾ ਦੂਰ ਕਰ ਦਿੱਤਾ—'ਇਹ ਨਾਗਨੀ ਬਿਲਕੁਲ ਅਸਲੀ ਹੈ, ਇਹ ਗੱਲ ਸੱਚ ਹੈ।'

ਮਨਿਸਟਰ ਸਾਬ੍ਹ ਦੀ ਗੱਲ ਸੁਣ ਕੇ ਪਰਿਵਾਰ ਵਾਲੇ ਹੋਰ ਵੀ ਘਬਰਾ ਗਏ—'ਤੁਸੀਂ ਇਹ ਨੂੰ ਗਲੇ 'ਚ ਕਿਉਂ ਪਾਈ ਫਿਰਦੇ ਹੋ ?'

'ਇਹਨੂੰ ਮੇਰੇ ਗਲੇ 'ਚ ਪਾ ਦਿੱਤਾ ਗਿਐ।'

ਮਨਿਸਟਰ ਸਾਬ੍ਹ ਨੇ ਬੇਵਸੀ ਨਾਲ ਕਿਹਾ—'ਮੈਂ ਕੀ ਕਰਦਾ? ..... ਮੈਂ ਡਾਢਾ ਬੇਵਸ ਹੋ ਗਿਆ ਸਾਂ ..... ਤੇ ਮੇਰੀ ਕੋਈ ਪੇਸ਼ ਨਹੀਂ ਗਈ।'

ਪਰਿਵਾਰ ਵਾਲੇ ਪੜ੍ਹੇ ਲਿਖੇ ਲੋਕ ਸਨ। ਇਸ ਲਈ ਉਸ ਵੇਲੇ ਉਨ੍ਹਾਂ ਨੂੰ ਮੌਨ ਰਿਸ਼ੀ ਅਤੇ ਰਾਜੇ ਪਰੀਕਸ਼ਿਤ ਦੀ ਕਥਾ ਚੇਤੇ ਆਈ। ਮਨਿਸਟਰ ਸਾਬ੍ਹ ਦੇ ਪੁੱਤਰ ਨੇ ਕਿਹਾ—'ਇਹ ਕਥਾ ਹਰ ਜੁਗ 'ਚ ਦੁਹਰਾਈ ਜਾਂਦੀ ਹੈ।' ਪਰਿਵਾਰ ਦੇ ਜੀਆਂ ਨੂੰ ਚੇਤੇ ਆਇਆ ਕਿ ਰਾਜੇ ਪਰੀਕਸ਼ਿਤ ਨੇ ਮੌਨ ਰਿਸ਼ੀ ਦੇ ਗਲੇ 'ਚ ਮੋਇਆ ਸੱਪ ਪਾ ਦਿੱਤਾ ਸੀ। ਉਹ ਦ੍ਰਿਸ਼ ਅੱਖਾਂ ਅੱਗੇ ਲਿਆ ਕੇ ਮਨਿਸਟਰ ਸਾਬ੍ਹ ਦੇ ਪਰਿਵਾਰ ਨੇ ਮਹਿਸੂਸ ਕੀਤਾ ਕਿ ਉਸ ਮਰੇ ਹੋਏ ਸੱਪ ਦਾ ਤਾਂ ਕੋਈ ਖਤਰਾ ਹੀ ਨਹੀਂ ਸੀ ਪਰ ਫਿਰ ਵੀ ਮੌਨ ਰਿਸ਼ੀ ਦੇ ਪੁੱਤਰ ਨੇ ਰਾਜੇ ਨੂੰ ਸਰਾਪ ਦੇ ਦਿੱਤਾ ਸੀ—'ਜਿਸ ਕਿਸੇ ਨੇ ਮੇਰੇ ਰਿਸ਼ੀ ਪਿਤਾ ਦੇ ਗਲੇ 'ਚ ਮਰਿਆ ਹੋਇਆ ਸੱਪ ਪਾਇਐ, ਉਹ ਨਾਗ-ਡੰਗ ਨਾਲ ਸੱਤ ਦਿਨਾਂ 'ਚ ਮਰ ਜਾਵੇਗਾ।'

ਪਰ ਇਹ ਨਾਗਨੀ ਤਾਂ ਜੀਉਂਦੇ ਰੂਪ 'ਚ ਮਨਿਸਟਰ ਸਾਬ੍ਹ ਦੇ ਜੀਵਨ ਦਾ ਅੰਗ ਬਣ ਗਈ ਸੀ। ਇਹ ਖ਼ੂਬਸੂਰਤ ਸੀ ਪਰ ਇਹਦੇ 'ਚ ਜ਼ਹਿਰ ਵੀ ਸੀ। ਪਤਾ ਨਹੀਂ ਖ਼ੂਬਸੂਰਤੀ ਜ਼ਹਿਰ ਤੋਂ ਬਗੈਰ ਕਿਉਂ ਨਹੀਂ ਹੁੰਦੀ ? ਮਨਿਸਟਰ ਸਾਬ੍ਹ ਦੇ ਪੁੱਤਰ ਨੇ ਪਿਉ ਨੂੰ ਪੁੱਛਿਆ—'ਜਿਨ੍ਹਾਂ ਨੇ ਤੁਹਾਡੇ ਗਲੇ 'ਚ ਨਾਗਨੀ ਪਾਈ ਐ, ਮੈਂ ਉਨ੍ਹਾਂ ਨੂੰ ਕੋਈ ਸਰਾਪ ਦਿਆਂ ?'

ਮਨਿਸਟਰ ਸਾਬ੍ਹ ਬੋਲੇ—'ਪੁੱਤਰ, ਉਹ ਲੋਕ ਪਹਿਲਾਂ ਹੀ ਸਰਾਪੇ ਹੋਏ ਨੇ..... ਵਿਚਾਰੇ ਭੁੱਖ ਨੰਗ ਨਾਲ ਜੂਝ ਰਹੇ ਨੇ.. ਕਿਰਮ-ਕੀੜਿਆਂ ਵਾਂਗ ਹੀ..... ਹੋਰ ਉਨ੍ਹਾਂ ਨੂੰ ਕੀ ਸਰਾਪ ਦਿੱਤਾ ਜਾ ਸਕਦੈ ?

ਪੁੱਤਰ ਨੇ ਫੇਰ ਪੁੱਛਿਆ—'ਤਾਂ ਕੀ ਉਹ ਲੋਕ ?' 'ਮੈਂ ਉਨ੍ਹਾਂ ਦਾ ਮਨਿਸਟਰ ਹਾਂ ਪਰ ਮੈਂ ਵੀ ਪਹਿਲਾਂ ਕਦੀ ਉਹ ਲੋਕ ਨਹੀਂ ਸਨ ਦੇਖੇ।' 'ਪਰ ਤੁਹਾਡੇ ਨਾਲ ਇਹ ਸ਼ਰਾਰਤ ਕਿਉਂ ਕੀਤੀ ਐ ?' ਮਨਿਸਟਰ ਸਾਬ੍ਹ ਦੇ ਜਵਾਨੀ ਚੜ੍ਹਦੇ ਪੁੱਤਰ ਨੇ ਪੁੱਛਿਆ ਤਾਂ ਮਨਿਸਟਰ ਨੇ ਗੰਭੀਰਤਾ ਨਾਲ ਕਿਹਾ—'ਮੇਰੇ ਹਲਕੇ ਵਾਲਿਆਂ ਨੇ ਮੈਨੂੰ ਆਦਰ ਮਾਣ ਦਿੱਤੇ।'

'ਪਰ ਇਹ ਤਾਂ ਜ਼ਿਆਦਤੀ ਐ।'

'ਉਨ੍ਹਾਂ ਨੇ ਮੈਨੂੰ ਜਲਸੇ 'ਚ ਜੁ ਬੁਲਾਇਆ ਸੀ। 'ਹਾਂ, ਉਹ ਤਾਂ ਠੀ ਸੀ .... ਮਨਿਸਟਰਾਂ ਨੂੰ ਲੋਕ ਜਲਸਿਆਂ 'ਚ ਬੁਲਾਉਂਦੇ ਹੀ ਨੇ.....'

ਮਨਿਸਟਰ ਬੋਲਿਆ—'ਉਥੇ ਉਨ੍ਹਾਂ ਨੇ ਕਿਹਾ ਕਿ—ਮੈਂ ਜੋ ਕੁਝ ਵੀ ਕੀਤੈ, ਆਪਣੇ ਲਈ ਹੀ ਕੀਤੈ, ਉਨ੍ਹਾਂ ਲੋਕਾਂ ਵਾਸਤੇ ਕੁਝ ਨਹੀਂ ਕੀਤਾ।'

'ਇਹ ਉਨ੍ਹਾਂ ਲੋਕਾਂ ਦੀ ਮੂਰਖਤਾ ਸੀ।' ਮਨਿਸਟਰ ਸਾਬ੍ਹ ਦੀ ਨੂੰਹ ਨੇ ਕਿਹਾ—'ਲੋਕ ਬੜੇ ਕਮੀਨੇ ਹੋ ਗਏ ਨੇ।' ਅਤੇ ਉਹ ਸੋਹਣੀ-ਸੁਣੱਖੀ ਜ਼ਨਾਨੀ ਚੰਡੀ ਦਾ ਰੂਪ ਬਣਦੀ ਬਣਦੀ ਰਹਿ ਗਈ। ਉਹਦੇ ਖਸਮ ਨੇ ਕਿਹਾ—'ਤੂੰ ਰੋਹਵਾਨ ਨਾ ਹੋ।'



Sri Satguru Jagjit Singh Ji eLibrary NamdhariElibrary@gmail.com

ਮਨਿਸਟਰ ਸਾਬ੍ਹ ਨੂੰ ਖਿਆਲ ਆਇਆ—'ਇਹ ਸਭ ਲੋਕ ਵੀ ਮੇਰੀ ਦੁਰਦਸ਼ਾ ਲਈ ਜ਼ਿੰਮੇਵਾਰ ਨੇ......।'

ਉਸ ਵੇਲੇ ਮਨਿਸਟਰ ਸਾਬ੍ਹ ਦੀ ਬੀਵੀ ਹਾਰਾਂ ਵਿਚੋਂ ਪੰਜ ਪੰਜ ਸੌ ਦੇ ਨੋਟ ਲਾਹ ਕੇ ਗਿਣ ਰਹੀ ਸੀ। ਉਹਨੇ ਮਨਿਸਟਰ ਸਾਬ੍ਹ ਨੂੰ ਟੋਕ ਕੇ ਪੁੱਛਿਆ—'ਕੁਲ ਪੰਜਾਹ ਹਜ਼ਾਰ ਨੇ, ਦੱਸੋ ਕਿਥੇ ਰੱਖਾਂ ?'

ਮਨਿਸਟਰ ਸਾਬ੍ਹ ਨੇ ਖਿੱਝ ਕੇ ਜਵਾਬ ਦਿੱਤਾ—'ਜਿਥੇ ਪਹਿਲਾਂ ਰੱਖਦੀ ਰਹੀ ਏਂ।'

ਬੀਬੀ ਬੋਲੀ—'ਪਰ ਉਹ ਤਹਿਖਾਨਾ ਤਾਂ ਨੋਟਾਂ ਨਾਲ ਭਰ ਗਿਐ।'

'ਤਹਿਖਾਨਾ ਭਰ ਗਿਆ ?' ਮਨਿਸਟਰ ਸਾਬ੍ਹ ਨੇ ਉਤਾਵਲੇਪਨ ਨਾਲ ਪੁੱਛਿਆ—'ਕੀ ਮੈਂ ਏਨੇ ਨੋਟ ਘਰ ਲੈ ਆਇਆਂ ?' 'ਨਹੀਂ।' ਉਨ੍ਹਾਂ ਦੇ ਪੁੱਤਰ ਨੇ ਕਿਹਾ—'ਬਹੁਤ ਸਾਰੇ ਕੰਮ ਕਰਾਉਣ ਵਾਲੇ ਲੋਕ ਆਪਣੇ ਆਪ ਹੀ ਨੋਟ ਦੇ ਜਾਂਦੇ ਰਹੇ ਨੇ।' 'ਪਰ ਤੁਸੀਂ ਮੈਨੂੰ ਦੱਸਿਆ ਹੀ ਨਹੀਂ।' ਮਨਿਸਟਰ ਸਾਬ੍ਹ ਨੇ ਘਬਰਾਹਟ 'ਚ ਕਿਹਾ ਤਾਂ ਬੀਵੀ ਨੇ ਜਵਾਬ ਦਿੱਤਾ—'ਹਰ ਰੋਜ਼ ਰਾਤ ਨੂੰ ਮੈਂ ਤੁਹਾਨੂੰ ਦੱਸਦੀ ਰਹੀ ਆਂ...'

'ਰਾਤ ਨੂੰ ?'

'ਹਾਂ ਆਂ....।'

'ਪਰ ਮੈਨੂੰ ਤਾਂ ਚੇਤਾ ਨਹੀਂ.....।'

'ਤੁਸੀਂ ਰਾਤ ਵੇਲੇ ਦਾਰੂ ਦੇ ਨਸ਼ੇ 'ਚ ਬੇਹੋਸ਼ ਹੁੰਦੇ ਹੋ।'

'ਮੈਂ ਬੇਹੋਸ਼ ਹੁੰਦਾਂ ?'

'ਹਾਂ, ਤੇ ਤੁਹਾਡੇ ਅੰਗ-ਰਖਿਅਕ ਤੁਹਾਨੂੰ ਗੱਡੀ 'ਚੋਂ ਚੁੱਕ ਕੇ ਮਸੀਂ ਬਾਹਰ ਕੱਢਦੇ ਨੇ।'

'ਹੈਰਾਨੀ ਹੈ...।'

'ਨਹੀਂ, ਸੱਚ ਹੈ.....।'

ਮਨਿਸਟਰ ਸਾਬ੍ਹ ਆਪਣੀ ਉਸ ਦੁਰਦਸ਼ਾ ਬਾਰੇ ਸੋਚ ਕੇ ਘਬਰਾ ਗਏ, ਜਿਸਦੇ ਹੋਰ ਲੋਕ ਗਵਾਹ ਸਨ। ਫੇਰ ਉਨ੍ਹਾਂ ਨੇ ਪੁੱਛਿਆ—'ਤਾਂ ਕੀ ਤਹਿਖ਼ਾਨਾ ਭਰ ਗਿਐ।'

'ਹਾਂ, ਭਰ ਗਿਆ।' ਬੀਵੀ ਨੇ ਕਿਹਾ—'ਪਰ ਇਕ ਖਤਰਾ ਵੀ ਪੈਦਾ ਹੋ ਗਿਆ।'

'ਉਹ ਕੀ ?' ਮਨਿਸਟਰ ਸਾਬ੍ਹ ਨੇ ਬੇਚੈਨੀ ਨਾਲ ਪੁੱਛਿਆ ਤਾਂ ਬੀਵੀ ਨੇ ਜਵਾਬ ਦਿੱਤਾ—'ਮੈਂ ਕੱਲ੍ਹ ਤਹਿਖਾਨੇ 'ਚ ਦੋ ਚੂਹੇ ਦੇਖੇ ਸਨ। ਜੀਉਂਦੇ ਜਾਗਦੇ ਚੂਹੇ...।'

ਮਨਿਸਟਰ ਸਾਬ੍ਹ ਨੇ ਵਿਅੰਗ ਨਾਲ ਕਿਹਾ—'ਉਹ ਚੂਹੇ ਜ਼ਰੂਰ ਹੀ ਵਿਰੋਧੀ ਧਿਰ ਦੇ ਮੁਖਬਰ ਹੋਣਗੇ। ਇਹ ਵਿਰੋਧੀ ਧਿਰ ਵਾਲੇ ਹਰ ਵੇਲੇ ਸਾਡੀ ਮੁਖਬਰੀ ਕਰਦੇ ਨੇ। ਉਨ੍ਹਾਂ ਨੂੰ ਕੋਈ ਨਾ ਕੋਈ ਬਹਾਨਾ ਚਾਹੀਦੈ ਸਾਡੀ ਤਬਾਹੀ ਦਾ ਸਾਮਾਨ ਕਰਨ ਲਈ। ਹੁਣ ਹੋਛਿਆਂ ਨੇ ਚੂਹੇ ਭੇਜ ਦਿੱਤੇ ਨੇ।'

ਬੀਵੀ ਨੇ ਸ਼ੰਕਾ ਪ੍ਰਗਟ ਕੀਤੀ—'ਪਰ ਉਹ ਚੂਹੇ ਲੱਖਾਂ ਹੀ ਨਹੀਂ, ਕਰੋੜਾਂ ਰੁਪਏ ਦੇ ਨੋਟ ਵੀ ਟੁਕ ਕੇ ਖਾ ਜਾਣਗੇ। ਕਈ ਵੱਡੇ ਅਫਸਰ ਲੋਕਾਂ ਨਾਲ ਇਸੇ ਤਰ੍ਹਾਂ ਹੀ ਹੋਇਐ, ਤੇ ਤੁਹਾਡੇ ਆਬਕਾਰੀ ਦੇ ਵਜ਼ੀਰ ਨਾਲ ਵੀ।'

'ਕੀ ਉਹ ਚੂਹਿਆਂ ਨੂੰ ਦਾਰੂ ਪਿਆਉਂਦਾ ਸੀ ?' ਮਨਿਸਟਰ ਨੇ ਪੁਛਿਆ ਤਾਂ ਬੀਵੀ ਨੇ ਜਵਾਬ ਦਿੱਤਾ—'ਕੀ ਕਿਹਾ ਜਾਵੇ?'

ਮਨਿਸਟਰ ਸਾਬ੍ਹ ਸੋਫੇ ਤੇ ਬੈਠ ਗਏ ਜਿਵੇਂ ਬੇਹੋਸ਼ ਹੋ ਜਾਣਗੇ। ਉਹ ਦੁਖੀ ਮਨ ਨਾਲ ਕਹਿ ਰਹੇ ਸਨ—'ਹਾਏ ਮੇਰੀ ਕਿਰਤ ਕਮਾਈ। ਮੈਂ ਸਦੀਆਂ ਦੀ ਉਡੀਕ ਮਗਰੋਂ ਇਹ ਖੁਸ਼ਹਾਲ ਦਿਨ ਦੇਖੇ ਸਨ। ਤੇ ਹੁਣ ਮੈਂ ਕੀ ਕਰਾਂ ?'

ਉਨ੍ਹਾਂ ਨੇ ਤੀਹ ਵਰ੍ਹੇ ਰਾਜਨੀਤੀ 'ਚ ਲਾਏ ਸਨ। ਕਈ ਵਾਰ ਉਹ ਅਜਿਹੇ ਵੱਡੇ ਨੇਤਾਵਾਂ ਨਾਲ ਰਹੇ ਸਨ। ਜਿਨ੍ਹਾਂ ਨੇ ਉਨ੍ਹਾਂ ਕੋਲੋਂ ਕੇਵਲ ਨਿਸ਼ਕਾਮ ਸੇਵਾ ਹੀ ਲਈ, ਜੁੱਤੀਆਂ ਵੀ ਪਾਲਿਸ਼ ਕਰਵਾਈਆਂ ਸਨ, ਪਰ ਕੋਲੋਂ ਪਾਲਿਸ਼ ਦੀ ਡੱਬੀ ਤੇ ਬੁਰਸ਼ ਵੀ ਨਹੀਂ ਸੀ ਦਿੱਤਾ। ਹੁਣ ਕਿਤੇ ਜਾ ਕੇ ਉਨ੍ਹਾਂ ਨੇ ਮੁਕੱਦਰ ਦਾ ਰੌਸ਼ਨ ਸਿਤਾਰਾ ਚਮਕਿਆ ਸੀ। ਜਦੋਂ ਉਹ ਦੂਜਿਆਂ ਤੋਂ ਪਾਲਿਸ਼ ਕਰਵਾ ਰਹੇ ਸਨ।

ਪਰ ਮਨਿਸਟਰ ਸਾਬ੍ਹ ਦੇ ਗਲੇ ਦੀ ਨਾਗਨੀ ਬੇਚੈਨ ਹੋ ਕੇ ਫੁੰਕਾਰੇ ਮਾਰਨ ਲੱਗ ਪਈ ਸੀ, ਜਿਸ ਨਾਲ ਮਨਿਸਟਰ ਸਾਬ੍ਹ ਦੇ ਗਲੇ ਨੂੰ ਤਕਲੀਫ ਹੋ ਰਹੀ ਸੀ। ਕਦੀ ਉਨ੍ਹਾਂ ਦਾ ਸਾਹ ਤੇਜ਼ ਹੋ ਜਾਂਦਾ ਤੇ ਕਦੀ ਲਗਦਾ ਕਿ ਸਾਹ ਸ਼ਾਇਦ ਆਵੇ ਹੀ ਨਾ.....। ਉਨ੍ਹਾਂ ਦੇ ਮਨ 'ਚੋਂ ਆਉਂਦਾ ਸੀ—'ਸਾਹ ਦਾ ਕੀ ਵਸਾਹ ਹੈ।'

'ਇਹਨੂੰ ਦੁੱਧ ਪਿਆਉ।' ਮਨਿਸਟਰ ਸਾਬ੍ਹ ਨੇ ਆਪਣੇ ਪੁੱਤਰ ਨੂੰ ਕਿਹਾ—'ਉਂਜ ਇਹ ਖੂਨ ਪੀਂਦੀ ਐ, ਪਰ ਤੁਸੀਂ ਦੁੱਧ ਪਿਆ ਕੇ ਦੇਖ ਲੋ। ਜੇ ਪੀ ਗਈ ਤਾਂ ਠੀਕ ਐ, ਨਹੀਂ ਤਾਂ ਖੂਨ ਪੀਵੇਗੀ।'

ਮਨਿਸਟਰ ਸਾਬ੍ਹ ਦੀ ਨੂੰਹ ਨੇ ਕਾਹਲੀ ਨਾਲ ਰਸੋਈ ਵਿਚ ਜਾ ਕੇ ਦੁੱਧ ਵਾਲਾ ਪਤੀਲਾ ਚੁੱਕ ਲਿਆਂਦਾ, ਪਰ ਨਾਗਨੀ ਨੇ ਦੁੱਧ ਨੂੰ ਮੂੰਹ ਨਾ ਲਾਇਆ। ਦੁੱਧ ਵੱਲ ਉਹਨੇ ਤੱਕਿਆ ਵੀ ਨਾ।

'ਕਮੀਨੀ ਕਿਤੋਂ ਦੀ।' ਮਨਿਸਟਰ ਦੀ ਨੂੰਹ ਨੇ ਕਿਹਾ—'ਏਨਾ ਘੁਮੰਡ ਕਾਹਤੇ ਕਰਦੀ ਐ ?'

'ਇਹ ਖੂਨ ਪੀਵੇਗੀ।' ਮਨਿਸਟਰ ਸਾਬ੍ਹ ਨੇ ਫਿਕਰਮੰਦ ਹੋ ਕੇ ਕਿਹਾ—'ਇਹ ਨਿਸ਼ਚਿਤ ਹੈ।' 'ਪਰ ਇਸ ਨਾਗਨੀ ਨੂੰ ਕਿਸ ਦਾ ਖੂਨ ਪਿਆਇਆ ਜਾ ਸਕਦੈ ?' ਮਨਿਸਟਰ ਸਾਬ੍ਹ ਦੀ ਬੀਵੀ ਨੇ ਆਪਣੇ ਪਤੀ ਨੂੰ ਕ੍ਰੋਧ ਨਾਲ ਦੇਖ ਕੇ



Sri Satguru Jagjit Singh Ji eLibrary NamdhariElibrary@gmail.com

ਪੁੱਛਿਆ—'ਕੀ ਇਹਨੂੰ ਮੇਰਾ ਖ਼ੂਨ ਪਿਆਉਗੇ ?'

ਮਨਿਸਟਰ ਸਾਬ੍ਹ ਨੇ ਗੰਭੀਰਤਾ ਨਾਲ ਜਵਾਬ ਦਿੱਤਾ—'ਜੇ ਇਹ ਮੇਰੇ ਗਲੇ ਦਾ ਹਾਰ ਬਣੀ ਰਹੀ ਤਾਂ ਜ਼ਰੂਰ ਤੇਰਾ ਹੀ ਲਹੂ ਪੀਵੇਗੀ।'

'ਮੈਂ ਇਹਨੂੰ ਮਾਰ ਸੁੱਟਾਂਗੀ।'

'ਨਹੀਂ, ਇਹ ਤੈਨੂੰ ਮਾਰੇਗੀ।'

'ਫੇਰ ਤੁਸੀਂ ਮੇਰੀ ਸੌਂਕਣ ਨੂੰ ਘਰ ਕਿਉਂ ਲਿਆਏ ਹੋ ?'

'ਮੈਂ ਦੱਸਿਆ ਨਹੀਂ—ਇਹ ਨਾਗਨੀ ਮੇਰੇ ਹਲਕੇ ਵਾਲਿਆਂ ਨੇ ਮੈਨੂੰ ਭੇਟਾ ਕੀਤੀ ਐ।'

'ਉਨ੍ਹਾਂ ਨੂੰ ਇਹ ਕੀ ਸ਼ਰਾਰਤ ਸੁੱਝੀ ?' ਪੁੱਤਰ ਨੇ ਆਪਣੇ ਪਿਤਾ ਨੂੰ ਫੇਰ ਪੁੱਛਿਆ ਤਾਂ ਪਿਤਾ ਨੇ ਕਿਹਾ—'ਉਨ੍ਹਾਂ ਲੋਕਾਂ ਦਾ ਖਿਆਲ ਹੈ ਕਿ ਮੇਰੇ ਕੋਲ ਬਹੁਤ ਸਾਰੀ ਮਾਇਆ ਇਕੱਠੀ ਹੋ ਗਈ ਐ।'

'ਫੇਰ ਉਨ੍ਹਾਂ ਦੇ ਢਿੱਡ ਪੀੜ ਹੁੰਦੀ ਸੀ ?'

'ਹੁੰਦੀ ਹੀ ਹੋਵੇਗੀ, ਤਦੇ ਹੀ ਉਨ੍ਹਾਂ ਨੇ ਮੈਨੂੰ ਘੇਰਿਆ।'

'ਪਰ ਸਰਕਾਰ ਨੇ ਤੁਹਾਨੂੰ ਅੰਗ-ਰੱਖਿਅਕ ਜੁ ਦਿੱਤੇ ਹੋਏ ਨੇ।'

'ਪਰ ਲੋਕਾਂ ਦਾ ਆਪਣਾ ਹੀ ਤਰਕ ਹੈ।'

'ਲੋਕ ਸੱਚਮੁੱਚ ਹੀ ਬਹੁਤ ਕਮੀਨੇ ਹੋ ਗਏ ਨੇ।'

'ਉਹ ਤਾਂ ਹੈ ਹੀ ਹਰ ਕਿਸੇ ਵੱਲ ਦੇਖ ਕੇ ਅੱਖਾਂ ਕੱਢ ਰਹੇ ਨੇ—ਅਖੇ ਦੇਸ਼ ਨੂੰ ਖਾ ਲਿਐ। ਮੂਰਖਾਂ ਨੂੰ ਕੋਈ ਪੁੱਛੇ-ਦੇਸ਼ ਕੋਈ ਡਬਲ ਰੋਟੀ ਜਾਂ ਕੇਕ ਐ ?'

ਫੇਰ ਉਨ੍ਹਾਂ ਨੇ ਫਿਲਾਸਫਰਾਂ ਵਾਂਗ ਕਿਹਾ—'ਇਹ ਸਭੋ ਉਹ ਸਰਾਪੇ ਲੋਕ ਨੇ, ਜਿਨ੍ਹਾਂ ਨੂੰ ਰਾਜਨੀਤੀ ਦੀ ਸੁੰਦਰੀ ਨੇ ਠੁਕਰਾ ਦਿੱਤੈ।'

'ਤੇ ਤੁਸੀਂ ?' ਉਨ੍ਹਾਂ ਦੀ ਬੀਵੀ ਨੇ ਪੁੱਛਿਆ।

'ਮੈਨੂੰ ਰਾਜਨੀਤੀ ਦੀ ਸੁੰਦਰੀ ਨੇ ਅਪਨਾ ਲਿਐ।'

ਬੀਵੀ ਨੇ ਕੁਝ ਤਲਖੀ ਨਾਲ ਕਿਹਾ—'ਤੇ ਹੁਣ ਉਹ ਤੁਹਾਡੇ ਗਲੇ ਦਾ ਹਾਰ ਬਣੀ ਹੋਈ ਹੈ।'

'ਫੇਰ ਮੈਂ ਇਹਨੂੰ ਕਿਵੇਂ ਲਾਹਵਾਂ ?'

'ਲਾਹ ਸੁੱਟੋ! ਤੁਸੀਂ ਤਾਂ ਬੜੇ ਬੜੇ ਨਾਗ ਮਾਰ ਸੁੱਟੇ ਨੇ।'

ਮਨਿਸਟਰ ਨੇ ਕਿਹਾ—'ਚੁੱਪ।'

ਬੀਵੀ ਤੜਫੀ—'ਕਿਉਂ ? ਇਹ ਮੇਰੀ ਸੌਂਕਣ ਹੋ ਗਈ ਐ?'

'ਇਹਦੀ ਗੱਲ ਸੁਣ।'

ਮਨਿਸਟਰ ਸਾਬ੍ਹ ਦੀ ਬੀਵੀ ਨੇ ਨਾਗਨੀ ਵੱਲ ਨਫਰਤ ਨਾਲ ਤੱਕਿਆ। ਉਹ ਨਾਗਨੀ ਲਹੂ ਮੰਗਦੀ ਸੀ। ਉਹ ਦੀ ਕਾਲੀ ਸ਼ਾਹ ਦੇਹੀ ਕਹਿ ਰਹੀ ਸੀ—'ਲਿਆਉ ਖ਼ੂਨ। ਕਰੋ ਪੂਰੀ ਮੇਰੀ ਤ੍ਰਿਸ਼ਨਾ।'

ਬਹੁਤ ਸੋਚ ਸੋਚ ਕੇ ਮਨਿਸਟਰ ਸਾਬ੍ਹ ਦੀ ਬੀਵੀ ਨੇ ਪਤੀ ਨੂੰ ਕਿਹਾ—'ਇਸ ਕਲਮੂੰਹੀ ਨੂੰ ਤਹਿਖਾਨੇ 'ਚ ਛੱਡ ਦਿਉ। ਇਹ ਉਥੇ ਚੂਹੇ ਖਾ ਕੇ ਝਟ ਲੰਘਾ ਲਵੇਗੀ।'

ਮਨਿਸਟਰ ਸਾਬ੍ਹ ਦੀ ਗਰਦਨ ਆਕੜੀ ਹੋਈ ਸੀ। ਨਾਗਨੀ ਕਦੀ ਉਨ੍ਹਾਂ ਦੇ ਗਲੇ ਨੂੰ ਨਪੀੜਦੀ, ਕਦੀ ਪਲੋਸਦੀ। ਉਨ੍ਹਾਂ ਨੇ ਬੇਚੈਨੀ ਨਾਲ ਕਿਹਾ—'ਪਰ ਮਸਲਾ ਇਹ ਹੈ ਕਿ ਇਹਨੂੰ ਮੇਰੇ ਗਲੋਂ ਕੌਣ ਲਾਹੇਗਾ ?'

'ਹਾਂ, ਇਹ ਵੱਡਾ ਮਸਲਾ ਹੈ।' ਮਸਿਟਰ ਸਾਬ੍ਹ ਦੇ ਪੁੱਤਰ ਨੇ ਕਿਹਾ—'ਇਹਨੂੰ ਕੁਝ ਕਿਹਾ ਤਾਂ ਇਹ ਤੁਹਾਨੂੰ ਡੱਸ ਲਵੇਗੀ। ...ਤੇ ਇਹ ਬੜੀ ਜ਼ਹਰਿਲੀ ਹੈ।'

ਫੇਰ ਆਪਣਾ ਗਲਾ ਘੁੱਟ ਹੁੰਦਾ ਮਹਿਸੂਸ ਕਰਕੇ ਮਨਿਸਟਰ ਵਿਲਕਿਆ—'ਕੋਈ ਮਨਿਸਟਰ ਮਾਰਨਾ ਸੌਖਾ, ਪਰ ਇਹਨੂੰ ਹੱਥ ਨਹੀਂ ਲਾਇਆ ਜਾ ਸਕਦਾ। ਇਹ ਬੜੀ ਬੇਲਿਹਾਜ਼ੀ ਐ।'

ਟੱਬਰ ਤਾਂ ਦੁਖੀ ਹੀ ਸੀ ਪਰ ਮਨਿਸਟਰ ਸਾਬ੍ਹ ਡਾਢੇ ਦੁਖੀ ਸਨ। ਉਨ੍ਹਾਂ ਦੇ ਕਹਿਣ 'ਤੇ ਉਨ੍ਹਾਂ ਦਾ ਪੁੱਤਰ ਕੁਝ ਹਮਦਰਦ ਦੋਸਤਾਂ ਨੂੰ ਬੁਲਾ ਕੇ ਲਿਆਇਆ। ਉਨ੍ਹਾਂ ਦੀ ਸਲਾਹ ਨਾਲ ਮਨਿਸਟਰ ਸਾਬ੍ਹ ਦੇ ਪੁੱਤਰ ਨੇ, ਪਿਤਾ ਦੀ ਜ਼ਿੰਦਗੀ ਖਾਤਿਰ ਗਲੇ 'ਚ ਢੋਲ ਪਾ ਕੇ ਗਲੀ ਗਲੀ ਜਾ ਕੇ ਇਹ ਢੰਡੋਰਾ ਪਿੱਟਿਆ—'ਜਿਹੜਾ ਕੋਈ ਤੰਤਰਿਕ, ਜਾਦੂਗਰ, ਸਪੇਰਾ ਜਾਂ ਲੁਟੇਰਾ ਮਨਿਸਟਰ ਸਾਬ੍ਹ ਦੇ ਗਲੇ ਵਿਚੋਂ ਨਾਗਨੀ ਲਾਹ ਕੇ ਲੈ ਜਾਵੇਗਾ, ਉਹਨੂੰ ਮਨਿਸਟਰ ਸਾਬ੍ਹ ਦਾ ਅੱਧਾ ਖਜ਼ਾਨਾ ਦੇ ਦਿੱਤਾ ਜਾਵੇਗਾ।'

ਇਸ ਢੰਡੋਰੇ ਨਾਲ ਇਲਾਕੇ ਭਰ 'ਚ ਹਲਚਲ ਮਚ ਗਈ। ਲੋਕਾਂ ਨੇ ਅਜੀਬ ਅਜੀਬ ਗੱਲਾਂ ਕੀਤੀਆਂ, ਪਰ ਮਨ ਹੀ ਮਨ ਵਿਚ, ਜਿਸ ਕਰਕੇ ਮਨਿਸਟਰ ਦੇ ਟੱਬਰ ਨੂੰ ਉਨ੍ਹਾਂ ਬਾਰੇ ਪਤਾ ਨਾ ਲੱਗਾ।

ਕਈ ਤਾਂਤਰਿਕ, ਲੁਟੇਰੇ ਤੇ ਸਪੇਰੇ ਉਥੇ ਆਏ ਪਰ ਉਨ੍ਹਾਂ ਨੇ ਨਾਗਨੀ ਨੂੰ ਹੱਥ ਨਾ ਪਾਇਆ—'ਨਾਗਨੀ ਬਹੁਤ ਜ਼ਹਰੀਲੀ ਹੈ। ਇਹ ਨੂੰ ਕੇਵਲ ਮਨਿਸਟਰ ਸਾਬ੍ਹ ਹੀ ਆਪਣੇ ਗਲੇ 'ਚ ਪਾਈ ਰੱਖ ਸਕਦੇ ਨੇ।' 'ਪਰ ਫੇਰ ਹੱਲ ਕੀ ਹੈ ?' ਮਨਿਸਟਰ ਸਾਬ੍ਹ ਨੇ ਇਕ ਤੰਤਰਿਕ ਨੂੰ ਪੁੱਛਿਆ ਤਾਂ ਉਹਨੇ ਕਿਹਾ—'ਤੁਸੀਂ ਇਹਨੂੰ ਲੈ ਕੇ ਤਹਿਖਾਨੇ ਵਿਚ, ਚਲੇ ਜਾਵੋ... ਤੇ ਨੋਟ ਟੁੱਕ ਰਹੇ ਚੂਹੇ ਖੁਆਵੋ।

ਤੰਤਰਿਕ ਦੇ ਇਸ ਬਿਆਨ ਨਾਲ ਮਨਿਸਟਰ ਸਾਬ੍ਹ ਨੂੰ ਬਹੁਤ ਤਕਲੀਫ ਹੋਈ—'ਤੁਸੀਂ ਤੰਤਰਿਕ ਤਾਂ ਪ੍ਰਧਾਨ ਮੰਤਰੀ ਨੂੰ ਵੀ ਚੱਕਰ 'ਚ ਪਾ ਦਿੰਦੇ ਹੋ। ਮੈਂ ਵਿਚਾਰਾ ਕੀ ਸ਼ੈ ਹਾਂ।'



Sri Satguru Jagjit Singh Ji eLibrary NamdhariElibrary@gmail.com

ਤੰਤਰਿਕ ਨੇ ਹੱਸਕੇ ਕਿਹਾ—'ਸੱਤਾ ਦੇ ਭੁੱਖੇ ਲੋਕ ਖੁਦ ਹੀ ਸਾਡੇ ਸ਼ਿਕੰਜੇ 'ਚ ਆ ਫਸਦੇ ਨੇ।'

ਮਨਿਸਟਰ ਸਾਬ੍ਹ ਦੇ ਪੁੱਤਰ ਨੇ ਕਿਹਾ—'ਇਕ ਹੋਰ ਜਤੰਨ ਕਰਦੇ ਆਂ।' 'ਛੇਤੀ ਕਰੋ।' ਮਨਿਸਟਰ ਸਾਬ੍ਹ ਔਖਿਆਈ ਨਾਲ ਬੋਲੇ—'ਮੇਰੀ ਜਾਨ ਨਿਕਲ ਰਹੀ ਹੈ।'

ਅਗਲੇ ਦਿਨ ਢੰਡੋਰਾ ਪਿੱਟਿਆ ਗਿਆ ਕਿ ਮਨਿਸਟਰ ਸਾਬ੍ਹ ਦੇ ਗਲੇ ਦੀ ਨਾਗਨੀ ਲਾਹੁਣ ਵਾਲੇ ਨੂੰ ਪੂਰੇ ਤਹਿਖਾਨੇ ਦੀ ਸਾਰੀ ਹੀ ਦੌਲਤ ਦੇ ਦਿੱਤੀ ਜਾਵੇਗੀ।

ਪਰ ਹੁਣ ਵੀ ਕੋਈ ਤੰਤਰਿਕ, ਸਪੇਰਾ ਜਾਂ ਲੁਟੇਰਾ ਉਥੇ ਨਾ ਪੁੱਜਾ। ਹਰ ਕਿਸੇ ਨੂੰ ਜਾਨ ਪਿਆਰੀ ਸੀ।

ਇਹ ਸੱਚ ਹੈ ਕਿ ਨਾਗਨੀ ਜ਼ਹਿਰੀਲੀ ਸੀ ਤੇ ਫੁੰਕਾਰੇ ਮਾਰ ਰਹੀ ਸੀ। ਉਹਦੇ ਨਾਲ ਢਿੱਡ ਵੀ ਲੱਗਾ ਹੋਇਆ ਸੀ, ਅਤੇ ਉਹ ਮੂੰਹ ਨਾਲ ਖ਼ੂਨ ਮੰਗ ਰਹੀ ਸੀ।

ਕੁਝ ਦਿਨਾਂ ਤੱਕ ਮਨਿਸਟਰ ਸਾਬ੍ਹ ਨਾਗਨੀ ਨੂੰ ਆਪਣੇ ਨੌਕਰਾਂ, ਨੌਕਰਾਣੀਆਂ ਦਾ ਅਤੇ ਭੁੱਲੇ ਭਟਕੇ ਰਿਸ਼ਤੇਦਾਰਾਂ, ਪ੍ਰਸ਼ੰਸਕਾ ਤੇ ਦੋਖੀਆਂ ਦਾ ਲਹੂ ਪਿਆਉਂਦੇ ਰਹੇ, ਪਰ ਨਾਗਨੀ ਲਗਾਤਾਰ ਫੁੰਕਾਰੇ ਮਾਰਦੀ ਰਹੀ। 'ਖ਼ੂਨ ! ਖ਼ੂਨ ! ਪਿਆਊ ਖ਼ੂਨ।'

ਜਿਸ ਕਰਕੇ ਮਨਿਸਟਰ ਸਾਬ੍ਹ ਦੀ ਨੀਂਦ, ਭੁੱਖ ਅਤੇ ਐਸ਼ ਪ੍ਰਸਤੀ ਖਤਮ ਹੋ ਗਈ ਸੀ, ਬੇਚੈਨੀ ਵਧ ਗਈ ਸੀ, ਅਤੇ ਸਰੀਰ ਸੁੱਕਣ ਲੱਗ ਪਿਆ ਸੀ, ਜਿਵੇਂ ਨਾਗਨੀ ਉਨ੍ਹਾਂ ਦਾ ਹੀ ਖ਼ੂਨ ਪੀ ਰਹੀ ਹੋਵੇ, ਪਰ ਉਨ੍ਹਾਂ ਦੇ ਮੂੰਹੋਂ ਆਵਾਜ਼ ਤੱਕ ਨਹੀਂ ਸੀ ਨਿਕਲਦੀ। ... ਉਨ੍ਹਾਂ ਦਾ ਜੀਅ ਕਰਦਾ ਸੀ ਕਿ ਲੰਮੇ-ਲੰਮੇ ਭਾਸ਼ਨ ਕਰਕੇ ਲੋਕ ਇਕੱਠੇ ਕਰਨ ਤੇ ਉਨ੍ਹਾਂ ਦਾ ਖ਼ੂਨ ਨਾਗਨੀ ਨੂੰ ਪਿਆ ਦੇਣ। ਪਰ ਉਨ੍ਹਾਂ ਦੇ ਗਲੇ 'ਚੋਂ ਆਵਾਜ਼ ਹੀ ਨਹੀਂ ਸੀ ਨਿਕਲ ਰਹੀ।

ਕੁਝ ਦਿਨਾਂ ਵਿਚ ਹੀ ਮਨਿਸਟਰ ਸਾਬ੍ਹ ਅਤੇ ਉਨ੍ਹਾਂ ਦੇ ਗਲੇ ਵਿਚ ਲਿਪਟੀ ਹੋਈ, ਫੁੰਕਾਰੇ ਮਾਰ ਰਹੀ ਨਾਗਨੀ ਦੀ ਖਬਰ ਦੇਸ਼ ਦੀ ਵੱਡੀ ਰਾਜਧਾਨੀ ਤੱਕ ਵੀ ਪਹੁੰਚ ਗਈ।

ਵੱਡੀ ਸਰਕਾਰ ਨੇ ਕਾਹਲੀ ਨਾਲ ਉਨ੍ਹਾਂ ਨੂੰ ਖਤ ਭੇਜਿਆ—'ਤੁਹਾਡੇ ਬਾਰੇ ਬਹੁਤ ਸ਼ਿਕਾਇਤਾਂ ਹੋ ਰਹੀਆਂ ਹਨ। ਤੁਸੀਂ ਫੌਰਨ ਆਪਣੀ ਚੱਲ ਤੇ ਅਚੱਲ ਸੰਪਤੀ ਦਾ ਵੇਰਵਾ ਭੇਜੋ ਤਾਂਕਿ ਤੁਹਾਨੂੰ ਬੇਦਾਗ ਰੱਖਿਆ ਜਾ ਸਕੇ।'

ਮਨਿਸਟਰ ਸਾਬ੍ਹ ਨੇ ਇਹ ਖਤ ਸੁਣਿਆ ਤੇ ਰਾਜਧਾਨੀ ਵੱਲ ਮੂੰਹ ਕਰਕੇ ਥੁੱਕ ਦਿੱਤਾ। 'ਵੇਰਵਾ ? ....ਥੂਹ।'

ਉਥੋਂ ਰਾਜਧਾਨੀ ਤੋਂ ਬੇਸ਼ੁਮਾਰ ਪੱਤਰਕਾਰ, ਕਲਾਕਾਰ, ਰੇਖਾ ਚਿੱਤਰਕਾਰ ਅਤੇ ਪ੍ਰੈਸ ਫੋਟੋ ਗ੍ਰਾਫਰ ਵੀ ਆਏ। ਪਰ ਉਹ ਲੋਕ ਬਹੁਤ ਦੇਰ ਕਰਕੇ ਆਏ ਸਨ। ਉਹ ਅਸਲੀ ਦ੍ਰਿਸ਼ ਨਾ ਦੇਖ ਸਕੇ। ..ਪਰ ਜੋ ਕੁਝ ਉਨ੍ਹਾਂ ਨੇ ਦੇਖਿਆ, ਉਹ ਇਹ ਸੀ—

## "ਉਹ ਕਿਹੁ ਜਹੇ ਲੋਕ ਹੋਂਦੇ ਨੇ ?"

—ਤਰਲੋਕ ਮਨਸੂਰ

ਉਹ ਕਿਹੁ ਜਹੇ ਲੋਕ ਹੋਂਦੇ ਨੇ ?
ਜੋ ਪਹਿਨਦੇ ਮਖਮਲਾਂ, ਪੱਟ ਹੰਡਾਂਦੇ ਨੇ ?
ਜਿਨ੍ਹਾਂ ਦੀ ਮੇਜ਼ ਤੇ ਵਿਸਕੀ
ਤਿੱਤਰ ਬਟੇਰ ਖਾਂਦੇ ਨੇ।

ਚੜ੍ਹਨ ਨੂੰ ਕਾਰ ਕੈਡਲਕ ਦੀ
ਸੰਗ-ਮਰ-ਮਰੀ ਮਹਿਲਾਂ 'ਚ ਰਹਿੰਦੇ ਨੇ।
ਸਫਰ ਕਰਨਾ, ਤਾਂ ਕਰਨਾ ਜਹਾਜ਼ਾਂ ਤੇ
ਪਵੇ ਬਹਿਣਾਂ, ਤਾਂ ਵਾਤਾਨਕੂਲ 'ਚ ਬਹਿੰਦੇ ਨੇ।
ਉਹ ਕਿਹੁ ਜਹੇ ....................।

ਅਸਾਂ ਤੇ ਉਮਰ ਸਾਰੀ ਸੂਲੀ ਤੇ ਗੁਜ਼ਾਰੀ ਹੈ।
ਪਹਿਨਿਆਂ ਭੁਖ ਦਾ ਭੋਛਣ ਸਦਾ
ਕੀਤੀ ਜਦ ਵੀ, ਕੀਤੀ ਸਾਈਕਲ ਦੀ ਸਵਾਰੀ ਹੈ।
ਸਵੇਰੇ ਦਰਦ ਭੋਗੇ ਨੇ,

ਸ਼ਾਮੀਂ ਹੰਝੂਆਂ ਨੂੰ ਗਲ ਲਾਇਆ ਹੈ।
ਹੱਡ-ਭੰਨਵੀਂ ਕੀਤੀ ਹੈ ਕਿਰਤ ਲੋਕੋ,
ਭੋਰਾ ਭੋਰਾ ਕਮਾਈ ਆਪਣੀ ਦਾ
ਸ਼ਾਹਾਂ ਦੇ ਹੱਥ ਫੜਾਇਆ ਹੈ।

ਸਾਡੇ ਹਿੱਸੇ ਕਿਉਂ, ਨਿਰੀ ਮੁਸ਼ਕਤ ਆਈ ਹੈ ?
ਉਲਟੀ ਲਹੂ ਦੀ, ਖੰਘ ਦੋਜ਼ਖ ਦੀ
ਉਮਰ ਸਾਰੀ ਦੀ ਇਹੁ ਕਮਾਈ ਹੈ।
ਧੁੱਪਾਂ 'ਚ ਸੜਦੇ ਹਾਂ, ਠੰਡਾਂ 'ਚ ਠਰਦੇ ਹਾਂ।
ਕਿਹੁ ਜਹੀ ਜ਼ਿੰਦਗੀ ਮਿਲੀ ਹੈ ਸਾਨੂੰ ?
ਨਾਂ ਜਿਊਂਦੇ ਹਾਂ ਨਾ ਮਰਦੇ ਹਾਂ।

---

ਮਨਿਸਟਰ ਸਾਬ੍ਹ ਆਪਣੀ ਮਾਇਆ ਦੇ ਤਹਿਖਾਨੇ ਕੋਲ ਖਲੋਤੇ ਸਨ। ਖਲੋਤੇ ਕੀ ਸਨ, ਉਨ੍ਹਾਂ ਦਾ ਕਰੰਗ ਖਲੋਤਾ ਸੀ ਅਤੇ ਉਸ ਕਰੰਗ ਦੇ ਗਲੇ ਵਿਚ ਨਾਗਨੀ ਫੁੰਕਾਰੇ ਮਾਰਦੀ ਹੋਈ ਦਿਸ ਰਹੀ ਸੀ। ਉਹ ਬਹੁਤ ਮੋਟੀ ਹੋ ਗਈ ਅਤੇ ਉਹਦੀ ਭੁੱਖ ਵੀ ਵਧ ਗਈ ਸੀ।

ਘਰ 'ਚ ਹੋਰ ਕੋਈ ਨਹੀਂ ਸੀ। ਨੂੰਹ-ਪੁੱਤਰ ਬੀਵੀ, ਪ੍ਰਸ਼ੰਸਕ ਤੇ ਨਿੰਦਕ ਸਭੋ ਹੀ ਆਪਣੇ ਪਿੰਜਰ ਬਚਾ ਕੇ ਨੱਸ ਗਏ ਸਨ। ਸ਼ਾਇਦ ਉਹ ਦੇਸ਼ ਦਰਸ਼ਨ ਵਾਸਤੇ ਚਲੇ ਗਏ ਸਨ, ਜਿਵੇਂ ਕਿ ਹਲਕੇ ਦੇ ਲੋਕ ਕਹਿੰਦੇ ਸਨ...। ਉਨ੍ਹਾਂ ਲੋਕਾਂ ਦੇ ਸਿਰ ਪੈਰ ਨੰਗੇ ਸਨ, ਗਲਾਂ ਵਿਚ ਢੋਲਕੀਆਂ ਸਨ ਅਤੇ ਹੱਥਾਂ ਵਿਚ ਖੜਤਾਲਾਂ ...ਹੀ।



Sri Satguru Jagjit Singh Ji eLibrary NamdhariElibrary@gmail.com

https://archive.org/details/namdhari



# ਬਚਿਤ੍ਰ ਨਾਟਕ—ਇਕ ਅਪੂਰਵ ਕ੍ਰਿਤੀ

—ਪ੍ਰਿੰ. ਬੇਅੰਤ ਕੌਰ

ਕਹਾਂ ਲਗੇ ਤੇ ਬਰਨ ਸੁਨਾਊਂ॥
ਤਿਨ ਕੇ ਨਾਮ ਨ ਸੰਖਯਾ ਪਾਊਂ॥
ਹੋਤ ਚਹੂੰ ਜੁਗ ਮੈ ਜੇ ਆਏ॥
ਤਿਨਕੇ ਨਾਮ ਨ ਜਾਤ ਗਨਾਏ॥੨੬॥

**ਸ਼ਬਦਾਰਥ** : ਸੰਖਯਾ - ਗਿਣਤੀ। ਜੇ - ਜਿਹੜੇ-ਜਿਹੜੇ। ਗਨਾਏ - ਗਿਣੇ ਨਹੀਂ ਜਾ ਸਕਦੇ।

**ਭਾਵਾਰਥ** : ਉਹਨਾਂ ਦੇ ਹਾਲ ਦਾ ਵਰਣਨ ਮੈਂ ਕਿਥੋਂ ਤੱਕ ਕਰਾਂ, ਉਹਨਾਂ ਦੇ ਨਾਵਾਂ ਦੀ ਗਿਣਤੀ ਵੀ ਮੈਂ ਕਿਥੋਂ ਤੱਕ ਕਰਾਂ। ਚਾਰਾਂ ਜੁੱਗਾਂ ਵਿਚ ਜਿਹੜੇ ਜਿਹੜੇ ਰਾਜੇ ਹੋਏ ਹਨ, ਉਹਨਾਂ ਦੇ ਨਾਮ ਵੀ ਨਹੀਂ ਗਿਣਾਏ ਜਾ ਸਕਦੇ।

ਜੋ ਅਬ ਤੌ ਕਿਰਪਾ ਬਲ ਪਾਊਂ॥
ਨਾਮ ਜਥਾ ਮਤ ਭਾਖ ਸੁਨਾਊਂ॥
ਕਾਲ ਕੇਤ ਅਰੁ ਕਾਲਰਾਇ ਭਨ॥
ਜਿਨ ਤੇ ਭਏ ਪੁਤ੍ਰ ਘਰ ਅਨਗਨ॥੨੭॥

**ਸ਼ਬਦਾਰਥ** : ਤਉ - ਤੇਰੀ। ਮਤਿ - ਬੁੱਧੀ। ਸੁਨਾਊਂ - ਸੁਣਾਉਂਦਾ ਹਾਂ। ਭਨਿ - ਉਹ ਕਾਲ ਰਾਇ ਸਾਰੇ ਹੀ। ਅਨਗਨ - ਅਨਗਿਣਤ।

**ਭਾਵਾਰਥ** : ਹੇ ਮੇਰੇ ਅਕਾਲ ਪੁਰਖ ਜੇ ਮੈਨੂੰ ਤੇਰੀ ਕ੍ਰਿਪਾ ਦਾ ਬਲ ਪ੍ਰਾਪਤ ਹੋ ਜਾਵੇ, ਤਾਂ ਮੈਂ ਆਪਣੀ ਬੁੱਧੀ ਅਨੁਸਾਰ ਰਾਜਿਆਂ ਦੇ ਨਾਵਾਂ ਬਾਰੇ ਕੁਝ ਕਹਿ ਸੁਣਾਵਾਂ। ਕੁਸ਼ ਦੇ ਤਖਤ ਤੇ ਕਾਲਕੇਤੁ, ਅਤੇ ਲਵ ਦੇ ਸਿੰਘਾਸਨ ਤੇ ਕਾਲ ਰਾਇ ਬੈਠਾ। ਉਹਨਾਂ ਦੇ ਘਰ ਅਨੇਕਾਂ ਹੀ ਪੁੱਤ੍ਰ ਪੈਦਾ ਹੋਏ।

ਕਾਲ ਕੇਤ ਭਯੋ ਬਲੀ ਅਪਾਰਾ॥
ਕਾਲਰਾਇ ਜਿਨਿ ਨਗਰ ਨਿਕਾਰਾ॥
ਭਾਜ ਸਨੌਢ ਦੇਸ ਤੇ ਗਏ॥
ਤਹੀ ਭੂਪਜਾ ਬਿਆਹਤ ਭਏ॥੨੮॥

**ਸ਼ਬਦਾਰਥ** : ਸਨੌਢ - ਮਥਰਾ ਭਰਤਪੁਰ ਤੋਂ ਲੈ ਕੇ ਅਮਰਕੋਟ ਤੱਕ ਦਾ ਦੇਸ। ਭੂਪਜਾ - ਰਾਜਕੁਮਾਰੀ।

**ਭਾਵਾਰਥ** : ਕਾਲਕੇਤੁ ਬਹੁਤ ਬਲਵਾਨ ਯੋਧਾ ਹੋਇਆ ਜਿਸਨੇ ਕਾਲਰਾਇ ਨੂੰ ਆਪਣੇ ਸ਼ਹਿਰ ਤੋਂ ਬਾਹਰ ਕੱਢ ਦਿੱਤਾ। ਉਹ ਉਥੋਂ ਭੱਜ ਕੇ ਸਨੌਢ ਦੇਸ ਵਿਚ ਚਲੇ ਗਏ, ਅਤੇ ਉਥੋਂ ਦੇ ਰਾਜੇ ਦੀ ਧੀ ਨਾਲ ਉਸਦਾ ਵਿਆਹ ਹੋ ਗਿਆ।

ਤਿਹਤੇ ਪੁਤ੍ਰ ਭਯੋ ਜੋ ਧਾਮਾ॥
ਸੋਢੀਰਾਇ ਧਰਾ ਤਿਹਿ ਨਾਮਾ॥
ਬੰਸ ਸਨੌਢ ਤਦਿਨ ਤੇ ਥੀਆ॥
ਪਰਮ ਪਵਿਤ੍ਰ ਪੁਰਖ ਜੁ ਕੀਆ॥੨੯॥

**ਸ਼ਬਦਾਰਥ** : ਧਾਮਾ - ਘਰ ਵਿਚ। ਸਨੌਢ - ਸੋਢ ਬੰਸ। ਤਦਿਨ - ਤਿਸ ਦਿਨ ਤੋਂ। ਥੀਆ - ਹੋਇਆ।

**ਭਾਵਾਰਥ** : ਉਸ ਰਾਜ ਕੰਨਿਆ ਤੋਂ ਜੋ ਪੁਤ੍ਰ ਉਤਪੰਨ ਹੋਇਆ, ਉਸਦਾ ਨਾਮ ਸੋਢੀ ਰਾਇ ਰੱਖਿਆ। ਉਸੇ ਦਿਨ ਤੋਂ ਸੋਢੀ ਵੰਸ ਹੋਂਦ ਵਿਚ ਆ ਗਿਆ, ਜਿਸਨੂੰ ਪਰਮ ਪਵਿੱਤਰ ਅਕਾਲ ਪੁਰਖ ਨੇ ਆਪ ਸਾਜਿਆ ਸੀ।

ਤਾਤੇ ਪੁਤ੍ਰ ਪੌਤ੍ਰ ਹੁਇ ਆਏ॥
ਤੇ ਸੋਢੀ ਸਭ ਜਗਤ ਕਹਾਏ॥
ਜਗ ਮੈ ਅਧਿਕ ਸੁ ਭਏ ਪ੍ਰਸਿੱਧਾ॥
ਦਿਨ ਦਿਨ ਤਿਨ ਕੇ ਧਨ ਕੀ ਬ੍ਰਿੱਧਾ॥੩੦॥

**ਸ਼ਬਦਾਰਥ** : ਪ੍ਰਸਿਧਾ - ਮਸ਼ਹੂਰ। ਬ੍ਰਿਧਾ - ਵਾਧਾ।

**ਭਾਵਾਰਥ** : ਉਸ ਸੋਢੀ ਰਾਇ ਤੋਂ ਜੋ ਪੁੱਤਰ ਪੋਤਰੇ ਹੋਏ, ਉਹ ਸਾਰੇ ਦੇ ਸਾਰੇ ਸੋਢੀ ਕਹਾਏ। ਉਹ ਸੰਸਾਰ ਵਿਚ ਬਹੁਤ ਹੀ ਪ੍ਰਸਿੱਧ ਹੋਏ, ਅਤੇ ਉਹਨਾਂ ਦੇ ਘਰ ਲਗਾਤਾਰ ਧਨ ਦਾ ਵਾਧਾ ਹੁੰਦਾ ਰਿਹਾ।

ਰਾਜ ਕਰਤ ਭਏ ਬਿਬਿਧ ਪ੍ਰਕਾਰਾ॥
ਦੇਸ ਦੇਸ ਕੇ ਜੀਤ ਨ੍ਰਿਪਾਰਾ॥
ਜਹਾਂ ਤਹਾਂ ਤਿਹ ਧਰਮ ਚਲਾਯੋ॥
ਅਤ੍ਰ ਪਤ੍ਰ ਕਹ ਸੀਸ ਢੁਰਾਯੋ॥੩੧॥

**ਸ਼ਬਦਾਰਥ** : ਬਿਬਿਧ - ਭਾਂਤ ਭਾਂਤ ਦੇ ਤਰੀਕਿਆਂ ਰਾਹੀਂ। ਨ੍ਰਿਪਾਰਾ - ਰਾਜੇ ਰਾਣੇ। ਅੱਤ੍ਰ ਪੱਤ੍ਰ - ਚਉਰ ਛਤ੍ਰ।

**ਭਾਵਾਰਥ** : ਉਹ ਅਨੇਕ ਤਰ੍ਹਾਂ ਨਾਲ ਰਾਜ ਕਰਦੇ ਰਹੇ। ਕਈ ਤਰ੍ਹਾਂ ਦੇ ਦੇਸਾਂ ਦੇ ਰਾਜਿਆਂ ਨੂੰ ਜਿੱਤ ਕੇ ਵਿਜਯ ਪ੍ਰਾਪਤ ਕੀਤੀ। ਉਹਨਾਂ ਨੇ ਹਰ ਥਾਂ ਉੱਤੇ ਆਪਣੇ ਧਰਮ ਦਾ ਸਿੱਕਾ ਤੋਰਿਆ, ਅਤੇ ਆਪਣੇ ਸਿਰ ਉੱਤੇ ਚਉਰ ਛਤ੍ਰ ਝੁਲਾਏ।

ਰਾਜਸੂਅ ਬਹੁ ਬਾਰਨ ਕੀਏ॥
ਜੀਤ ਜੀਤ ਦੇਸੇਸ੍ਵਰ ਲੀਏ॥
ਬਾਜਮੇਧ ਬਹੁ ਬਾਰਨ ਕਰੇ॥



Sri Satguru Jagjit Singh Ji eLibrary NamdhariElibrary@gmail.com

**ਸਕਲ ਕਲੂਖ ਨਿਜੁ ਕੁਲ ਕੇ ਹਰੇ॥੩੨॥**

**ਸ਼ਬਦਾਰਥ** : ਰਾਜਸੂਅ - ਸਾਰੇ ਰਾਜਿਆਂ ਨੂੰ ਜਿੱਤ ਕੇ ਆਪਣੇ ਆਪ ਨੂੰ ਮਹਾਰਾਜ ਧਿਰਾਜ ਸਿੱਧ ਕਰਨ ਵਾਲਾ ਯੱਗ। ਬਾਰਨ - ਬਹੁਤ ਵਾਰੀ। ਦੇਸੇਸੂਰ - ਦੇਸਾਂ ਦੇ ਮਾਲਕ ਰਾਜੇ। ਬਾਜਮੇਧ - ਅਸ਼ਵਮੇਧ ਯੱਗ। ਕਲੂਖ - ਪਾਪ।

**ਭਾਵਾਰਥ** : ਦੇਸ ਦੇਸਾਂਤਰਾਂ ਨੂੰ ਜਿੱਤ ਕੇ ਉਹਨਾਂ ਨੇ ਬਹੁਤ ਵਾਰੀ ਰਾਜਸੂਅ ਯੱਗ ਕੀਤੇ, ਅਨੇਕਾਂ ਵਾਰੀ ਅਸ਼ਵਮੇਧ ਯੱਗ ਕੀਤੇ। ਇਸ ਤਰ੍ਹਾਂ ਅਣਗਿਣਤ ਯੱਗਾਂ ਰਾਹੀਂ ਉਹਨਾਂ ਨੇ ਆਪਣੇ ਕੁਲ ਦੇ ਸਾਰੇ ਪਾਪਾਂ ਦਾ ਨਾਸ ਕਰ ਲਿਆ।

**ਬਹੁਰ ਬੰਸ ਮੈ ਬਢੋ ਬਿਖਾਧਾ॥**
**ਮੇਟ ਨਾ ਸਕਾ ਕੋਊ ਤਿੱਹ ਸਾਧਾ॥**
**ਬਿਚਰੇ ਬੀਰ ਬਨੈਤੁ ਅਖੰਡਲ॥**
**ਗਹਿ ਗਹਿ ਚਲੇ ਭਿਰਨ ਰਨ ਮੰਡਲ॥੩੩॥**

**ਸ਼ਬਦਾਰਥ** : ਬਿਖਾਧਾ - ਝਗੜਾ। ਸਾਧਾ - ਸ੍ਰੇਸ਼ਟ ਪੁਰਖ। ਬਨੈਤੁ - ਬਾਣਾਂ ਵਾਲੇ ਯੋਧੇ। ਅਖੰਡਲ - ਇੰਦ੍ਰ, ਅਮਰ ਰਾਜੇ। ਮੰਡਲ - ਮੈਦਾਨੇ ਜੰਗ ਵਿਚ।

**ਭਾਵਾਰਥ** : ਫ਼ਿਰ ਸੋਢੀ ਬੰਸ ਵਿਚ ਬਹੁਤ ਝਗੜੇ ਵਧ ਗਏ, ਅਤੇ ਉਹਨਾਂ ਨੂੰ ਕੋਈ ਨਾ ਮਿਟਾ ਸਕਿਆ। ਜਿਹੜੇ ਰਾਜੇ ਆਪਣੇ ਆਪ ਨੂੰ ਬਹਾਦਰ ਅਤੇ ਅਮਰ ਸਮਝਦੇ ਸਨ, ਉਹ ਸ਼ਸਤ੍ਰ ਫੜ ਕੇ ਜੰਗ ਦੇ ਮੈਦਾਨ ਵਿਚ ਯੁੱਧ ਕਰਨ ਲਈ ਤੁਰ ਪਏ।

**ਧਨ ਅਰੁ ਭੂਮ ਪੁਰਾਤਨ ਬੈਰਾ॥**
**ਜਿਨਕਾ ਮੂਆ ਕਰਤਿ ਜਗ ਘੇਰਾ॥**
**ਮੋਹ ਬਾਦ ਅਹੰਕਾਰ ਪਸਾਰਾ॥**
**ਕਾਮ ਕ੍ਰੋਧ ਜੀਤਾ ਜਗ ਸਾਰਾ॥੩੪॥**

**ਸ਼ਬਦਾਰਥ** : ਧਨ - ਦੌਲਤ। ਜਿਨ - ਜਿਨ੍ਹਾਂ ਦਾ। ਬਾਦ - ਝਗੜਾ।

**ਭਾਵਾਰਥ** : ਧਨ ਅਤੇ ਧਰਤੀ ਦਾ ਬਹੁਤ ਹੀ ਪੁਰਾਣਾ ਵੈਰ ਹੈ, ਜਿਨ੍ਹਾਂ ਨੂੰ ਪ੍ਰਾਪਤ ਕਰਨ ਵਾਸਤੇ ਸਾਰਾ ਸੰਸਾਰ ਮਰ ਜਾਂਦਾ ਹੈ। ਇਹ ਸਾਰਾ ਝਗੜਾ ਮੋਹ ਅਤੇ ਅਹੰਕਾਰ ਨੇ ਹੀ ਪਸਾਰਿਆ ਹੋਇਆ ਹੈ। ਕਾਮ ਅਤੇ ਕ੍ਰੋਧ ਨੇ ਸਾਰੇ ਸੰਸਾਰ ਤੇ ਵਿਜੈ ਪ੍ਰਾਪਤ ਕਰ ਲਈ ਹੈ।

## ਦੋਹਰਾ॥

**ਧੰਨਿ ਧੰਨਿ ਧਨ ਕੋ ਭਾਖੀਐ ਜਾਕਾ ਜਗਤੁ ਗੁਲਾਮੁ॥**
**ਸਭ ਨਿਰਖਤ ਯਾਕੋ ਫਿਰੈ ਸਭ ਚਲ ਕਰਤ ਸਲਾਮ॥੩੫॥**

**ਸ਼ਬਦਾਰਥ** : ਧਨ - ਦੌਲਤ। ਨਿਰਖਤ - ਵੇਖਕੇ।

**ਭਾਵਾਰਥ** : ਧਨ ਨੂੰ ਧਨਯ ਧਨਯ ਕਹਿਣਾ ਚਾਹੀਦਾ ਹੈ, ਜਿਸਦਾ ਸਾਰਾ ਜਗਤ ਦਾਸ ਹੈ। ਇਸ ਨੂੰ ਸਾਰੇ ਵੇਖਦੇ ਲੱਭਦੇ ਫਿਰਦੇ ਹਨ, ਅਤੇ ਸਾਰੇ ਹੀ ਨਮਸਕਾਰ ਕਰਦੇ ਹਨ।

## ਚੌਪਈ॥

**ਕਾਲ ਨ ਕੋਊ ਕਰਨ ਸੁਮਾਰਾ॥**
**ਬੈਰ ਬਾਦ ਅਹੰਕਾਰ ਪਸਾਰਾ॥**
**ਲੋਭ ਮੂਲ ਇਹ ਜਗ ਕੋ ਹੂਆ॥**
**ਜਾਸੋ ਚਾਹਤ ਸਭੈ ਕੋ ਮੂਆ॥੩੬॥**

**ਸ਼ਬਦਾਰਥ** : ਕਾਲ - ਮੌਤ, ਜੀਵਨ ਦਾ ਸਮਾਂ। ਸੁਮਾਰਾ - ਗਿਣਨਾ। ਲੋਭ - ਲਾਲਚ। ਜਾ - ਜਿਸਨੇ।

**ਭਾਵਾਰਥ** : ਕੋਈ ਵੀ ਕਾਲ ਦੀ ਗਿਣਤੀ ਨਹੀਂ ਕਰ ਸਕਦਾ। ਵੈਰ ਵਿਰੋਧ ਅਤੇ ਅਹੰਕਾਰ ਦਾ ਸਾਰੇ ਜਗਤ ਵਿਚ ਪਸਾਰਾ ਹੈ, ਇਸ ਸੰਸਾਰ ਦਾ ਮੂਲ ਲੋਭ ਹੀ ਬਣਿਆ ਹੋਇਆ ਹੈ, ਜਿਸ ਦੀ ਇੱਛਾ ਕਰਦੇ ਹੀ ਸਾਰੇ ਮਰ ਗਏ ਹਨ।

**ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਸੁਭਿ ਬੰਸ ਬਰਨਨੰ ਦੁਤੀਆ ਧਿਆਇ॥੨॥ ਅਫਜੂ॥੧੩੭॥**

ਇਥੇ ਹੀ ਸੁਹਣੇ ਬਚਿਤ੍ਰ ਨਾਟਕ ਗ੍ਰੰਥ ਦਾ ਸ਼ੁਭ (ਸੋਢੀ ਵੰਸ਼) ਕਹਿਣ ਵਾਲਾ ਪ੍ਰਸਿਧ ਦੂਜਾ ਅਧਿਆਇ ਖਤਮ ਹੈ, ਠੀਕ ਹੈ।

***ਅਧਿਆਇ ਤੀਜਾ***

# ਲਵ ਕੁਸ਼ ਜੁੱਧ

ਇਸ ਅਧਿਆਇ ਦਾ ਆਰੰਭ ਯੁੱਧ ਨਾਲ ਹੁੰਦਾ ਹੈ। ਇਹ ਯੁੱਧ ਸੋਢੀ ਰਾਇ ਦੇ ਪੁੱਤਰਾਂ ਅਤੇ ਕਾਲ ਰਾਇ ਦੇ ਪੁੱਤਰਾਂ ਵਿਚ ਹੋਇਆ। ਉਹਨਾਂ ਨੇ ਕਾਲ ਰਾਇ ਦੇ ਪੁੱਤਰ ਪੋਤਰੇ ਭਜਾ ਦਿੱਤੇ ਅਤੇ ਪੰਜਾਬ ਦਾ ਰਾਜ-ਪਾਟ ਸੰਭਾਲ ਲਿਆ। ਲਵ ਦੇ ਵੰਸ਼ਜ ਹਾਰ ਕੇ ਕਾਸ਼ੀ ਜਾ ਕੇ ਵਸ ਗਏ ਅਤੇ ਉੱਥੇ ਪਹੁੰਚਕੇ ਵਿਦਿਆ ਪੜ੍ਹਨ ਲਗ ਪਏ। ਵੇਦਾਂ ਦਾ ਗਿਆਨ ਪ੍ਰਾਪਤ ਕਰਕੇ ਉਹ ਵੇਦੀ ਬਣ ਗਏ। ਕੁਸ਼ ਦੀ ਸੰਤਾਨ ਪੰਜਾਬ ਉੱਤੇ ਰਾਜ-ਪਾਟ ਕਰਦੀ ਹੋਈ ਆਪਣਾ ਸਮਾਂ ਬਿਤਾਣ ਲੱਗੀ। ਇਸ ਵਿਚ ੧ ਚਉਪਈ, ੧ ਛਪਾ, ੯ ਨਰਾਜ, ੧ ਭੁਜੰਗ, ੧੩ ਪ੍ਰਯਾਤ, ੨੭ ਰਸਾਵਲ ਛੰਦ ਮਿਲਾ ਕੇ ਕੁਲ ੫੨ ਛੰਦ ਹਨ।

## ਭੁਜੰਗ ਪ੍ਰਯਾਤ ਛੰਦ॥

**ਰਚਾ ਬੈਰ ਬਾਦੰ ਬਿਧਾਤੇ ਅਪਾਰੰ॥**
**ਜਿਸੈ ਸਾਧਿ ਸਾਕਿਓ ਨ ਕੋਊ ਸੁਧਾਰੰ॥**
**ਬਲੀ ਕਾਮਰਾਯੰ ਮਹਾ ਲੋਭ ਮੋਹੰ॥**
**ਗਯੋ ਕਉਨ ਬੀਰੰ ਸੁ ਯਾਤੇ ਅਲੋਹੰ॥੧॥**



Sri Satguru Jagjit Singh Ji eLibrary NamdhariElibrary@gmail.com

**ਸ਼ਬਦਾਰਥ** : ਬਿਧਾਤੇ - ਸਿਰਜਨਹਾਰ। ਸੁਧਾਰੰ - ਚੰਗੀ ਤਰ੍ਹਾਂ ਸੋਧ ਬਣਾ ਕੇ। ਬਲੀ - ਸੂਰਬੀਰ। ਅਲੋਹੰ - ਇਹਨਾਂ ਦੇ ਹਥਿਆਰਾਂ ਤੋਂ ਬਚਕੇ।

**ਭਾਵਾਰਥ** : ਅਕਾਲ ਪੁਰਖ ਨੇ ਅਨੇਕ ਤਰ੍ਹਾਂ ਦੇ ਵੈਰ ਵਿਰੋਧ ਅਤੇ ਝਗੜੇ ਰਚ ਦਿੱਤੇ ਹਨ। ਜਿਨ੍ਹਾਂ ਨੂੰ ਅਜੇ ਤੱਕ ਕੋਈ ਵੀ ਸਾਧ ਪੁਰਖ ਸੁਧਾਰ ਨਹੀਂ ਸਕਿਆ। ਕਾਮ, ਲੋਭ, ਮੋਹ ਅਤਿ ਬਲਵਾਨ ਰਾਜੇ ਹਨ, ਇਹਨਾਂ ਦੇ ਵਾਹੇ ਹਥਿਆਰਾਂ ਤੋਂ ਬਚਕੇ ਕੌਣ ਬਹਾਦਰ ਜਾ ਸਕਦਾ ਹੈ ?

**ਤਹਾ ਬੀਰ ਬੰਕੇ ਬਕੈ ਆਪ ਮੱਧੰ ॥**
**ਉਠੈ ਸਸਤ੍ਰ ਲੈ ਲੈ ਮਚਾ ਜੁੱਧ ਸੁੱਧੰ ॥**
**ਕਹੂੰ ਖੱਪਰੀ ਖੋਲ ਖੰਡੇ ਅਪਾਰੰ ॥**
**ਮਚੇ ਬੀਰ ਬੈਤਾਲ ਡਉਰੂ ਡਕਾਰੰ ॥੨॥**

**ਸ਼ਬਦਾਰਥ** : ਬਕੈ - ਬੋਲਦੇ, ਲਲਕਾਰਦੇ ਹਨ। ਮੱਧੰ - ਆਪੋ ਵਿੱਚ। ਖੱਪਰੀ - ਢਾਲ। ਖੋਲ - ਸਿਰ ਤੇ ਪਹਿਨਣ ਵਾਲੇ ਫੌਲਾਦੀ ਟੋਪ। ਮਚੇ - ਖੁਸ਼ ਹੁੰਦੇ ਹਨ। ਡਕਾਰੰ - ਡੁਗ ਡੁਗ ਕਰਕੇ ਵਜਦੀ ਹੈ।

**ਭਾਵਾਰਥ** : ਉਥੇ ਸੁਹਣੇ ਬਾਂਕੇ ਯੋਧੇ ਇੱਕ ਦੂਸਰੇ ਨੂੰ ਜੰਗ ਲਈ ਲਲਕਾਰਨ ਲੱਗ ਪਏ। ਸ਼ਸਤ੍ਰਾਂ ਨੂੰ ਫੜ ਫੜ ਕੇ ਉਠ ਖਲੋਤੇ ਅਤੇ ਪੂਰਨ ਰੂਪ ਵਿੱਚ ਜੰਗ ਮੱਚ ਪਿਆ। ਕਿਧਰੇ ਬੇਅੰਤ ਢਾਲਾਂ, ਸਿਰਾਂ ਤੇ ਪਹਿਨਣ ਵਾਲੇ ਟੋਪ, ਖੰਡੇ ਟੁੱਟੇ ਪਏ ਹਨ, ਅਤੇ ਬੀਰ ਬੇਤਾਲ ਅਤੇ ਭੂਤਨੇ ਨੱਚ ਰਹੇ ਹਨ, ਅਤੇ ਡਉਰੂ ਵਜਾ ਕੇ ਭਿਆਨਕ ਆਵਾਜ਼ਾਂ ਕੱਢ ਰਹੇ ਹਨ।

**ਕਹੂੰ ਈਸ ਸੀਸੰ ਪੁਐ ਰੁੰਡ ਮਾਲੰ ॥**
**ਕਹੂੰ ਡਾਕ ਡਉਰੂ ਕਹੂੰਕੰ ਬਿਤਾਲੰ ॥**
**ਚਵੀ ਚਾਵਡੀਅੰ ਕਿਲੰਕਾਰ ਕੰਕੰ ॥**
**ਗੁਥੀ ਲੁੱਥ ਜੁੱਥੰ ਬਹੇ ਬੀਰ ਬੰਕੰ ॥੩॥**

**ਸ਼ਬਦਾਰਥ** : ਈਸ - ਸ਼ਿਵ ਜੀ। ਪੁਐ - ਪਰੋਂਦਾ ਹੈ। ਰੁੰਡ ਮਾਲਾ - ਸਿਰਾਂ ਦੀ ਮਾਲਾ। ਡਾਕ - ਚੁੜੇਲਾਂ। ਕਹੂੰਕੰ - ਬੋਲਦੇ ਹਨ। ਚਵੀ - ਬੋਲੀਆਂ। ਚਾਵਡੀਅੰ - ਇੱਲਾਂ। ਕਿਲੰਕਾਰ - ਕਿਲਕਾਰੇ। ਕੰਕੰ - ਗਿੱਧ ਜਾਤੀ ਦਾ ਇਕ ਮਾਸ ਖਾਣ ਵਾਲਾ ਪੰਛੀ। ਗੁੱਥੀ - ਗੁੰਦੀਆਂ ਹੋਈਆਂ। ਲੁੱਥ ਜੁੱਥੰ - ਝੁੰਡ। ਬਹੈ - ਵਰਗੇ ਫਿਰਦੇ ਹਨ। ਬੀਰ ਬੰਕੰ - ਸੁੰਦਰ ਸੂਰਮੇ।

**ਭਾਵਾਰਥ** : ਕਿਧਰੇ ਸ਼ਿਵਜੀ ਮਹਾਰਾਜ ਵੱਢਿਆਂ ਹੋਇਆਂ ਸਿਰਾਂ ਦੀ ਮਾਲਾ ਪਰੋ ਰਹੇ ਹਨ। ਕਿਧਰੇ ਡੈਣਾਂ ਡਮਰੂ ਵਜਾ ਰਹੀਆਂ ਹਨ, ਕਿਧਰੇ ਭੂਤ ਪ੍ਰੇਤਾਂ ਦੀਆਂ ਆਵਾਜ਼ਾਂ ਸੁਣਾਈ ਦੇ ਰਹੀਆਂ ਹਨ। ਕਿਧਰੇ ਸੂਰਮਿਆਂ ਦੀਆਂ ਲੋਥਾਂ ਆਪਸ ਵਿਚ ਗੁੱਥ ਮਗੁੱਥਾ ਹੋਈਆਂ ਹਨ।

**ਪਰੀ ਕੁੱਟ ਕੁੱਟੰ ਰੁਲੇ ਤੱਛ ਮੁੱਛੰ ॥**
**ਰਹੇ ਹਾਥ ਡਾਰੇ ਉਭੈ ਉਰਧ ਮੁੱਛੰ ॥**
**ਕਹੂੰ ਖੋਪਰੀ ਖੋਲ ਖਿੰਗੰ ਖਤੰਗੰ ॥**
**ਕਹੂੰ ਖਤ੍ਰੀਅੰ ਖੱਗ ਖੇਤੰ ਨਿਖੰਗੰ ॥੪॥**

**ਸ਼ਬਦਾਰਥ** : ਕੁਟ ਕੁਟੰ - ਸਖ਼ਤ ਮਾਰ। ਉਭੈ - ਦੋਵੇਂ ਹੱਥ। ਉਰਧ ਮੁੱਛੰ - ਉੱਚੀਆਂ ਮੁੱਛਾਂ। ਖੋਲ - ਟੋਪ। ਖਿੰਗੰ - ਨੁਕਰਾ ਘੋੜਾ, ਜਿਸ ਘੋੜੇ ਦਾ ਮੂੰਹ ਅਤੇ ਸੁੰਮ ਗੁਲਾਬੀ ਭਾਅ ਮਾਰਵੇਂ ਚਿੱਟੇ ਹੋਣ। ਖਤੰਗੰ - ਤੀਰ। ਖਤ੍ਰੀਅੰ - ਛੱਤਰੀ। ਖੇਤੰ - ਮੈਦਾਨੇ ਜੰਗ। ਨਿਖੰਗੰ - ਭੱਥੇ, ਤਰਕਸ।

**ਭਾਵਾਰਥ** : ਦੋਹਾਂ ਪਾਸਿਆਂ ਦੇ ਸੂਰਮਿਆਂ ਵਿੱਚ ਬੜੀ ਮਾਰੋ-ਮਾਰੀ ਹੋਈ ਅਤੇ ਕੱਟੇ ਵੱਢੇ ਮੁਰਦੇ ਰੁਲਦੇ ਫਿਰਦੇ ਹਨ। ਕਈ ਸੂਰਮਿਆਂ ਦੇ ਦੋਵੇਂ ਹੱਥ ਉੱਚੀਆਂ ਮੁੱਛਾਂ ਕਰਦੇ ਹੋਏ ਹੀ ਰਹਿ ਗਏ, ਕਿਧਰੇ ਖੋਪਰੀਆਂ, ਟੋਪ, ਧਨੁੱਖ ਬਾਣ ਰੁਲ ਰਹੇ ਹਨ ਅਤੇ ਕਿਧਰੇ ਰਣ ਭੂਮੀ ਵਿੱਚ ਸੂਰਮਿਆਂ ਦੀਆਂ ਤਲਵਾਰਾਂ ਅਤੇ ਭਥੇ ਰੁਲ ਰਹੇ ਹਨ।

**ਚਵੀ ਚਾਂਵਡੀ ਡਾਕਨੀ ਡਾਕ ਮਾਰੈ ॥**
**ਕਹੂੰ ਭੈਰਵੀ ਭੂਤ ਭੈਰੋਂ ਬਕਾਰੇ ॥**
**ਕਹੂੰ ਬੀਰ ਬੈਤਾਲ ਬੰਕੇ ਬਿਹਾਰੰ ॥**
**ਕਹੂੰ ਭੂਤ ਪ੍ਰੇਤੰ ਹਸੈ ਮਾਸ ਹਾਰੰ ॥੫॥**

**ਸ਼ਬਦਾਰਥ** : ਡਾਕਨੀ - ਡੈਣਾਂ। ਭੈਰੋਂ - ਰੁਦ੍ਰ ਦਾ ਇਕ ਸੇਵਕ। ਬਕਾਰੇ - ਬੋਲਦੇ ਹਨ। ਬਿਹਾਰੰ - ਫਿਰ ਰਹੇ ਹਨ। ਮਾਸਾਹਾਰੰ - ਮਾਸ ਖਾਣ ਵਾਲੇ।

**ਭਾਵਾਰਥ** : ਯੁੱਧ ਵਿੱਚ ਕਿਧਰੇ ਇੱਲਾਂ ਬੋਲ ਰਹੀਆਂ ਹਨ ਅਤੇ ਕਿਧਰੇ ਡੈਣਾਂ ਡਕਾਰ ਮਾਰ ਰਹੀਆਂ ਹਨ। ਕਿਧਰੇ ਭੈਰਵੀ, ਭੂਤ ਅਤੇ ਭੈਰੋਂ ਬੋਲਦੇ ਹਨ, ਕਿਧਰੇ ਸੁਹਣੇ ਬੀਰ ਅਤੇ ਬੇਤਾਲ ਤੁਰ ਫਿਰ ਰਹੇ ਹਨ, ਕਿਧਰੇ ਭੂਤ ਅਤੇ ਪ੍ਰੇਤ ਮਾਸ ਦਾ ਅਹਾਰ ਕਰਣ ਵਾਲੇ ਹੱਸ ਰਹੇ ਹਨ।

## ਰਸਾਵਲ ਛੰਦ ॥

**ਮਹਾਬੀਰ ਗੱਜੇ ॥ ਸੁਣੈ ਮੇਘ ਲੱਜੇ ॥**
**ਝੰਡਾ ਗੱਡ ਗਾਢੇ ॥ ਮੰਡੇ ਰੋਸ ਬਾਢੇ ॥੬॥**

**ਸ਼ਬਦਾਰਥ** : ਗਾਢੇ - ਗਢਕੇ। ਰੋਸ - ਗੁੱਸਾ। ਬਾਢੇ - ਵਧਾ ਕੇ।

**ਭਾਵਾਰਥ** : ਰਣ ਵਿੱਚ ਅਤਿ ਬਹਾਦਰ ਸੂਰਮੇ ਗੱਜ ਰਹੇ ਹਨ। ਇਹਨਾਂ ਦੀ ਭਿਆਨਕ ਗਰਜਨਾ ਸੁਣ ਕੇ ਬੱਦਲ ਵੀ ਸ਼ਰਮਾ ਰਹੇ ਹਨ! ਉਹਨਾਂ ਨੇ ਯੁੱਧ ਦੇ ਮੈਦਾਨ ਵਿੱਚ ਮਜਬੂਤ ਝੰਡੇ ਗੱਡੇ ਹੋਏ ਹਨ। ਉਹ ਗੁੱਸੇ ਨੂੰ ਬਹੁਤ ਵਧਾ ਕੇ, ਡੱਟ ਕੇ ਲੜ ਰਹੇ ਹਨ।



Sri Satguru Jagjit Singh Ji eLibrary NamdhariElibrary@gmail.com

**ਕ੍ਰਿਪਾਣੰ ਕਟਾਰੰ॥ ਭਿਰੇ ਰੋਸ ਧਾਰੰ॥**

**ਮਹਾਂਬੀਰ ਬੰਕੰ॥ ਭਿਰੇ ਭੂਮ ਹੰਕੰ॥੭॥**

**ਸ਼ਬਦਾਰਥ** : ਭਿਰੇ - ਲੜਦਿਆਂ। ਹੰਕੰ - ਧਰਤੀ ਨੂੰ ਧਿਕਦੇ।

**ਭਾਵਾਰਥ** : ਆਪਣੇ ਹੱਥਾਂ ਵਿਚ ਕ੍ਰਿਪਾਨਾਂ ਅਤੇ ਕਟਾਰ ਨੂੰ ਫੜਕੇ ਬੜੇ ਗੁੱਸੇ ਨਾਲ ਲੜ ਰਹੇ ਹਨ। ਉਹ ਬਹੁਤ ਬਹਾਦਰ ਸੂਰਮੇ ਲੜਦਿਆਂ ਹੋਇਆਂ ਧਰਤੀ ਨੂੰ ਕੰਬਾ ਰਹੇ ਹਨ।

**ਮਚੇ ਸੂਰ ਸਸਤ੍ਰੰ॥ ਉਠੀ ਝਾਰ ਅਸਤ੍ਰੰ॥**

**ਕ੍ਰਿਪਾਣੰ ਕਟਾਰੰ॥ ਪਰੀ ਲੋਹ ਮਾਰੰ॥੮॥**

**ਸ਼ਬਦਾਰਥ** : ਮਚੇ - ਜੁੱਟ ਗਏ। ਝਾਰ - ਅੱਗ ਦੀ ਲਾਟ। ਮਾਰੰ - ਸ਼ਸਤ੍ਰਾਂ ਦੀ ਮਾਰ।

**ਭਾਵਾਰਥ** : ਉਹ ਵੀਰ ਬਹਾਦਰ ਸੂਰਮੇ ਯੁੱਧ ਵਿਚ ਸ਼ਸਤ੍ਰਾਂ ਨਾਲ ਜੁਟੇ ਹੋਏ ਹਨ, ਅਤੇ ਅਸਤ੍ਰਾਂ ਵਿਚੋਂ ਚਿਣਗਾਂ ਨਿਕਲ ਰਹੀਆਂ ਹਨ। ਉਥੇ ਕ੍ਰਿਪਾਨਾਂ ਅਤੇ ਕਟਾਰਾਂ ਚਲ ਰਹੀਆਂ ਹਨ, ਅਤੇ ਲੋਹੇ ਦੀ ਲੋਹੇ ਉੱਤੇ ਮਾਰ ਪੈਣ ਕਰਕੇ ਬਹੁਤ ਭਿਆਨਕ ਯੁੱਧ ਹੋ ਰਿਹਾ ਹੈ।

## ਭੁਜੰਗ ਪ੍ਰਯਾਤ ਛੰਦ॥

**ਹਲੱਬੀ ਜੁਨੱਬੀ ਸਰੋਹੀ ਦੁਧਾਰੀ॥**

**ਬਹੀ ਕੋਪ ਕਾਤੀ ਕ੍ਰਿਪਾਣੰ ਕਟਾਰੀ॥**

**ਕਹੂੰ ਸੈਹਥੀਅੰ ਕਹੂੰ ਸੁੱਧ ਸੇਲੰ॥**

**ਕਹੂੰ ਸੇਲ ਸਾਂਗੰ ਭਈ ਰੇਲ ਪੇਲੰ॥੯॥**

**ਸ਼ਬਦਾਰਥ** : ਹਲੱਬੀ - ਹਲੱਬ ਸ਼ਹਿਰ ਦੀ ਬਣੀ ਹੋਈ ਤਲਵਾਰ। ਜੁਨੱਬੀ - ਜਨਬ (ਆਰਮੀਨੀਆ) ਦੀ ਬਣੀ ਹੋਈ ਤਲਵਾਰ। ਸਰੋਹੀ - ਸਰੋਹੀ ਨਗਰ ਦੀ ਬਣੀ ਹੋਈ ਤਲਵਾਰ। ਕਾਤੀ - ਇਕ ਕਿਸਮ ਦੀ ਤਲਵਾਰ। ਸੈਹਥੀਅੰ - ਵਧੀਆ ਨੇਜ਼ੇ। ਰੇਲ - ਧੱਕ ਮੁਧੱਕਾ।

**ਭਾਵਾਰਥ** : ਹਲੱਬ, ਜਨਬ ਦੇਸ਼ ਦੀਆਂ ਬਣੀਆਂ ਹੋਈਆਂ ਤਲਵਾਰਾਂ, ਕ੍ਰਿਪਾਨਾਂ ਕਟਾਰਾਂ ਸਰੋਹੀਆਂ ਅਤੇ ਦੋਧਾਰੀਆਂ ਤਲਵਾਰਾਂ ਚਲ ਰਹੀਆਂ ਹਨ। ਕਿਧਰੇ ਸੈਹਥੀਆਂ ਅਤੇ ਸੇਲਿਆਂ ਨਾਲ ਸੂਰਮੇ ਯੁੱਧ ਕਰ ਰਹੇ ਹਨ। ਕਿਧਰੇ ਸੇਲੇ ਅਤੇ ਬਰਛੀਆਂ ਨਾਲ ਧੱਕ-ਮੁਧੱਕਾ ਹੋ ਰਿਹਾ ਹੈ।

## ਨਰਾਜ ਛੰਦ॥

**ਸਰੋਖ ਸੂਰ ਸਾਜਿਅੰ॥ ਬਿਸਾਰਿ ਸੰਕ ਬਾਜਿਅੰ॥**

**ਨਿਸੰਕ ਸਸਤ੍ਰ ਮਾਰਹੀਂ॥ ਉਤਾਰ ਅੰਗ ਡਾਰਹੀਂ॥੧੦॥**

**ਸ਼ਬਦਾਰਥ** : ਸਰੋਖ - ਰੋਹ ਸਹਿਤ, ਕ੍ਰੋਧ ਨਾਲ। ਬਾਜਿਅੰ - ਵੱਜ ਰਹੇ ਹਨ।

**ਭਾਵਾਰਥ** : ਯੁੱਧ ਵਿੱਚ ਸੂਰਮੇ ਕ੍ਰੋਧ ਨਾਲ ਸਜ ਰਹੇ ਹਨ, ਉਹ ਨਿਧੜਕ ਹੋ ਕੇ ਲੜ ਰਹੇ ਹਨ। ਉਹ ਬੇਧੜਕ ਹੋ ਕੇ ਵੈਰੀਆਂ ਨੂੰ ਸ਼ਸਤ੍ਰਾਂ ਨਾਲ ਮਾਰ ਰਹੇ ਹਨ ਅਤੇ ਉਹਨਾਂ ਦੇ ਸਰੀਰ ਦੇ ਅੰਗਾਂ ਨੂੰ ਕੱਟ ਕੱਟਕੇ ਸੁੱਟ ਰਹੇ ਹਨ।

**ਕਛੂ ਨ ਕਾਨ ਰਾਖਹੀਂ॥ ਸੁ ਮਾਰਿ ਮਾਰਿ ਭਾਖਹੀਂ॥**

**ਸੁ ਹਾਂਕ ਹਾਠ ਰੇਲਿਯੰ॥ ਅਨੰਤ ਸਸਤ੍ਰ ਝੇਲਿਯੰ॥੧੧॥**

**ਸ਼ਬਦਾਰਥ** : ਕਾਨ - ਲਿਹਾਜ਼। ਰੇਲਿਯੰ - ਧਕੇਲਦੇ ਹਨ।

**ਭਾਵਾਰਥ** : ਉਹ ਸੂਰਮੇ ਕਿਸੇ ਦਾ ਵੀ ਲਿਹਾਜ਼ ਨਹੀਂ ਕਰਦੇ ਅਤੇ ਮਾਰ ਮਾਰ ਪੁਕਾਰਦੇ ਹਨ। ਉਹ ਇਕ ਦੂਜੇ ਨੂੰ ਏਧਰ ਓਧਰ ਧੱਕ ਰਹੇ ਹਨ, ਅਤੇ ਬੇਅੰਤ ਸ਼ਸਤ੍ਰਾਂ ਦੇ ਵਾਰ ਸਹਾਰ ਰਹੇ ਹਨ।

**ਹਜਾਰ ਹੂਰ ਅੰਬਰੰ॥ ਬਿਰੁੱਧ ਕੈ ਸੁਅੰ ਬਰੰ॥**

**ਕਰੂਰ ਭਾਂਤ ਡੋਲਹੀ ਸੁ ਮਾਰ ਮਾਰ ਬੋਲਹੀ॥੧੨॥**

**ਸ਼ਬਦਾਰਥ** : ਅੰਬਰੰ - ਅਕਾਸ਼ ਵਿਚ। ਬਿਰੁੱਧ - ਅੱਗੇ ਹੋ ਕੇ। ਸੁਅੰ ਬਰੰ - ਆਪ ਵਰਦੀਆਂ ਹਨ।

**ਭਾਵਾਰਥ** : ਹਜ਼ਾਰਾਂ ਅਪੱਛਰਾਵਾਂ ਅਕਾਸ਼ ਵਿੱਚ ਫਿਰਦੀਆਂ ਹਨ। ਜਿਸ ਸੂਰਮੇ ਨੂੰ ਅੱਗੇ ਹੋ ਕੇ ਬਹਾਦਰੀ ਨਾਲ ਮਰਦਿਆਂ ਹੋਇਆਂ ਵੇਖਦੀਆਂ ਹਨ, ਉਹ ਉਹਨਾਂ ਨੂੰ ਵਰ ਲੈਂਦੀਆਂ ਹਨ। ਸੂਰਮੇ ਬੜੇ ਭਿਆਨਕ ਰੂਪ ਵਿਚ ਮੈਦਾਨ ਵਿੱਚ ਫਿਰ ਰਹੇ ਹਨ ਅਤੇ ਉਹ ਮਾਰੋ-ਮਾਰੋ ਦਾ ਬੋਲ ਬੋਲ ਰਹੇ ਹਨ।

**ਕਹੂੰ ਕਿ ਅੰਗਿ ਕਟੀਅੰ॥ ਕਹੂੰ ਸਰੋਹ ਪੱਟੀਅੰ॥**

**ਕਹੂੰ ਸੁ ਮਾਂਸ ਮੱਛੀਅੰ॥ ਗਿਰੇ ਸੁ ਤੱਛ ਮੁੱਛੀਅੰ॥੧੩॥**

**ਸ਼ਬਦਾਰਥ** : ਕਹੂੰ ਕਿ - ਕਿਸੇ ਦੇ। ਸਰੋਹ - ਕੇਸ।

**ਭਾਵਾਰਥ** : ਰਣ ਦੇ ਮੈਦਾਨ ਵਿੱਚ ਕਿਸੇ ਸੂਰਮੇ ਦੇ ਅੰਗ ਕੱਟੇ ਗਏ ਹਨ, ਕਿਸੇ ਦੇ ਕੇਸ ਪੁੱਟੇ ਗਏ ਕਿਸੇ ਦਾ ਸਰੀਰ ਛਿਲਿਆ ਗਿਆ ਹੈ, ਅਤੇ ਕੋਈ ਵੱਢਿਆ ਟੁੱਕਿਆ ਪਿਆ ਹੈ।

**ਢਮੱਕ ਢੋਲ ਢਾਲਯੰ॥ ਹਰੋਲ ਹਾਲ ਚਾਲਯੰ॥**

**ਝਟਾਕ ਝੱਟ ਬਾਹੀਅੰ॥ ਸੁ ਬੀਰ ਸੈਨ ਗਾਹੀਅੰ॥੧੪॥**

**ਸ਼ਬਦਾਰਥ** : ਢਮੱਕ - ਢਮ ਢਮ ਕਰਦੇ ਹਨ। ਹਰੋਲ - ਫੌਜ ਵਿੱਚ ਸਭ ਤੋਂ ਅਗਲਾ ਟੋਲਾ। ਝਟਾਕ - ਝਟਾਝਟ। ਬਾਹੀਅੰ - ਦਲਦਿਆਂ ਮਲਦਿਆਂ ਹੋਇਆਂ। ਗਾਹੀਅੰ - ਲਤਾੜਨਾ।

**ਭਾਵਾਰਥ** : ਯੁੱਧ ਵਿੱਚ ਢੋਲਾਂ ਅਤੇ ਢਾਲਾਂ ਦੀਆਂ ਢਮ ਢਮ ਕਰਕੇ ਆਵਾਜ਼ਾਂ ਸੁਣਾਈ ਦੇ ਰਹੀਆਂ ਹਨ। ਫੌਜ ਦਾ ਮੂਹਰਲਾ ਹਿੱਸਾ ਅੱਗੇ ਵਧਣ ਲਈ ਤੁਰ ਪਿਆ। ਸੂਰਮੇ ਬਹੁਤ ਛੇਤੀ ਨਾਲ ਆਪਣੇ ਹਥਿਆਰ ਚਲਾਉਂਦੇ ਹਨ, ਅਤੇ ਸੈਨਾ



Sri Satguru Jagjit Singh Ji eLibrary NamdhariElibrary@gmail.com

ਨੂੰ ਲਤਾੜਦੇ ਫਿਰਦੇ ਹਨ।

**ਨਵੰ ਨਿਸਾਣ ਬਾਜਿਅੰ॥ ਸੁ ਬੀਰ ਧੀਰ ਗਾਜਿਅੰ॥**

**ਕ੍ਰਿਪਾਣ ਬਾਣ ਬਾਹਹੀ॥ ਅਜਾਤ ਅੰਗ ਲਾਹਹੀ॥੧੫॥**

**ਸ਼ਬਦਾਰਥ** : ਨਵੰ - ਨਵੇਂ। ਅਜਾਤ - ਅਚਾਨਕ।

**ਭਾਵਾਰਥ** : ਨਵੇਂ ਨਗਾਰੇ ਵੱਜਦੇ ਹਨ। ਬੜੇ ਧੀਰਜ ਵਾਲੇ ਸੂਰਮੇ ਗੱਜ ਰਹੇ ਹਨ। ਉਹ ਤਲਵਾਰ ਅਤੇ ਤੀਰ ਚਲਾ ਰਹੇ ਹਨ ਅਤੇ ਅਚਾਨਕ ਹੀ ਵੈਰੀਆਂ ਦੇ ਅੰਗ ਲਾਹ ਕੇ ਸੁੱਟ ਦਿੰਦੇ ਹਨ।

**ਬਿਰੁੱਧ ਕ੍ਰੁੱਧ ਰਾਜਿਯੰ॥ ਨ ਚਾਰ ਪੈਰ ਭਾਜਿਯੰ॥**

**ਸੰਭਾਰ ਸਸਤ੍ਰ ਗਾਜਹੀ॥ ਸੁਨਾਦ ਮੇਘ ਲਾਜਹੀ॥੧੬॥**

**ਸ਼ਬਦਾਰਥ** : ਬਿਰੁੱਧ - ਵੈਰ। ਲਾਜ ਹੀ - ਸ਼ਰਮਿੰਦਾ ਕਰਦੇ ਹਨ।

**ਭਾਵਾਰਥ** : ਜੰਗ ਵਿੱਚ ਵੈਰ ਅਤੇ ਕ੍ਰੋਧ ਦਾ ਹੀ ਰਾਜ ਹੈ। ਸੂਰਮੇ ਚਾਰ ਪੈਰ ਵੀ ਪਿਛਾਂਹ ਨੂੰ ਨਹੀਂ ਭੱਜਦੇ। ਉਹ ਆਪਣੇ ਸ਼ਸਤ੍ਰ ਫੜ ਫੜ ਕੇ ਲਲਕਾਰਦੇ ਹਨ। ਉਹਨਾਂ ਦੀ ਆਵਾਜ਼ ਸੁਣ ਕੇ ਬੱਦਲਾਂ ਦੀ ਆਵਾਜ਼ ਵੀ ਸ਼ਰਮਸਾਰ ਹੁੰਦੀ ਹੈ।

**ਹਲੰਕ ਹਾਂਕ ਮਾਰਹੀ॥ ਸਰੱਕ ਸਸਤ੍ਰ ਝਾਰਹੀ॥**

**ਭਿਰੇ ਬਿਸਾਰਿ ਸੋਕਿਯੰ॥ ਸਿਧਾਰਿ ਦੇਵ ਲੋਕਿਯੰ॥੧੭॥**

**ਸ਼ਬਦਾਰਥ** : ਹਲੰਕ - ਦਿਲ ਹਿਲਾਉਣ ਵਾਲੀ ਲਲਕਾਰ। ਸਰੱਕ - ਝਟ।

**ਭਾਵਾਰਥ** : ਯੁੱਧ ਵਿੱਚ ਸੂਰਮੇ ਦਿਲ ਹਿਲਾ ਦੇਣ ਵਾਲੇ ਲਲਕਾਰੇ ਮਾਰਦੇ ਹਨ, ਅਤੇ ਬੜੀ ਫੁਰਤੀ ਨਾਲ ਇੱਕ ਦੂਸਰੇ ਉੱਤੇ ਸ਼ਸਤ੍ਰ ਚਲਾ ਰਹੇ ਹਨ। ਮੌਤ ਦੇ ਡਰ ਨੂੰ ਵਿਸਾਰ ਕੇ ਲੜ ਰਹੇ ਹਨ। ਉਹ ਮਰਨ ਤੋਂ ਉਪਰੰਤ ਸਵਰਗਾਂ ਨੂੰ ਚਲੇ ਜਾਂਦੇ ਹਨ।

**ਰਿਸੇ ਬਿਰੁੱਧ ਬੀਰਿਯੰ॥ ਸੁਮਾਰਿ ਝਾਰਿ ਤੀਰਿਯੰ॥**

**ਸਬਦ ਸੰਖ ਬੱਜਿਯੰ॥ ਸੁ ਬੀਰ ਧੀਰ ਸੱਜਿਯੰ॥੧੮॥**

**ਸ਼ਬਦਾਰਥ** : ਬੀਰਿਯੰ - ਭਰਾ। ਸਮਾਰਿ - ਫੜਕੇ। ਝਾਰਿ - ਚਲਾਏ।

**ਭਾਵਾਰਥ** : ਭਰਾ ਹੀ ਇਕ ਦੂਸਰੇ ਦੇ ਵਿਰੋਧ ਤੀਰਾਂ ਦੀ ਝੜੀ ਲਗਾ ਰਹੇ ਹਨ। ਉਹ ਸੰਖ ਵਜਾ ਰਹੇ ਹਨ ਅਤੇ ਧੀਰਜ ਵਾਲੇ ਸੂਰਮੇ ਸੱਜ ਰਹੇ ਹਨ।

## ਰਸਾਵਲ ਛੰਦ॥

**ਤੁਰੀ ਸੰਖ ਬਾਜੇ॥ ਮਹਾਂਬੀਰ ਸਾਜੇ॥**

**ਨਚੇ ਤੁੰਦ ਤਾਜੀ॥ ਮਚੇ ਸੂਰ ਗਾਜੀ॥੧੯॥**

**ਸ਼ਬਦਾਰਥ** : ਤੁਰੀ - ਬਿਹਾਲ। ਤੁੰਦ - ਤੇਜ਼। ਗਾਜੀ - ਬਹਾਦਰ।

**ਭਾਵਾਰਥ** : ਯੁੱਧ ਦੇ ਮੈਦਾਨ ਵਿੱਚ ਨਰਸਿੰਘੇ ਅਤੇ ਸੰਖ ਵੱਜ ਰਹੇ ਹਨ। ਵੱਡੇ ਸੂਰਮੇ ਸੁਸ਼ੋਭਿਤ ਹੋ ਰਹੇ ਹਨ। ਤੇਜ਼ ਘੋੜੇ ਟੱਪ ਰਹੇ ਹਨ। ਸੂਰਬੀਰ ਯੋਧੇ ਗੱਜ ਰਹੇ ਹਨ।

**ਝਿਮੀ ਤੇਜ ਤੇਗੰ॥ ਮਨੋ ਬਿੱਜ ਬੇਗੰ॥**

**ਉਠੈ ਨੱਦ ਨਾਦੰ॥ ਧੁਨੰ ਨ੍ਰਿਬਿਖਾਦੰ॥੨੦॥**

**ਸ਼ਬਦਾਰਥ** : ਝਿਮੀ - ਲਿਸ਼ਕਦੀਆਂ ਤਿੱਖੀਆਂ ਤੇਗ਼ਾਂ। ਬਿੱਜ - ਬਿਜਲੀ। ਬੇਗੰ - ਤੇਜ਼। ਨੱਦ - ਧੌਂਸੇ। ਗਦੰ - ਆਵਾਜ਼। ਨ੍ਰਿਬਿਖਾਦੰ - ਇਕ ਰਸ।

**ਭਾਵਾਰਥ** : ਤਿੱਖੀਆਂ ਤਲਵਾਰਾਂ ਚਮਕਦੀਆਂ ਹਨ ਮਾਨੋ ਬੱਦਲਾਂ ਵਿੱਚ ਬਿਜਲੀ ਬੜੀ ਤੇਜ਼ ਚਾਲ ਨਾਲ ਲਿਸ਼ਕਦੀ ਹੈ। ਵੱਡਿਆਂ ਵੱਡਿਆਂ ਯੋਧਿਆਂ ਦੀ ਇਕ ਰਸ ਆਵਾਜ਼ ਹੋ ਰਹੀ ਹੈ।

**ਤੁਟੈ ਖੱਗ ਖੋਲੰ॥ ਮੁਖੰ ਮਾਰ ਬੋਲੰ॥**

**ਧਕਾ ਧੀਕ ਧੱਕੰ॥ ਗਿਰੇ ਹੱਕ ਬੱਕੰ॥੨੧॥**

**ਸ਼ਬਦਾਰਥ** : ਬੱਕੰ - ਹੱਕੇ ਬੱਕੇ (ਹੈਰਾਨ ਹੋ ਕੇ)। ਖੱਗ - ਖੜਗ।

**ਭਾਵਾਰਥ** : ਸੂਰਮਿਆਂ ਦੇ ਖੰਡੇ ਅਤੇ ਟੋਪ ਟੁੱਟ ਗਏ ਹਨ। ਉਹ ਆਪਣੇ ਮੂੰਹ ਤੋਂ ਮਾਰੋ ਮਾਰੋ ਹੀ ਬੋਲਦੇ ਹਨ। ਯੁੱਧ ਵਿੱਚ ਹਰ ਪਾਸੇ ਧੱਕਮੁਧੱਕਾ ਹੋ ਰਿਹਾ ਹੈ, ਅਤੇ ਸੂਰਮੇ ਹੈਰਾਨ ਹੋ ਕੇ ਡਿਗਦੇ ਜਾਂਦੇ ਹਨ।

**ਦਲੰ ਦੀਹ ਗਾਹੰ॥ ਅਧੋ ਅੰਗ ਲਾਹੰ॥**

**ਪ੍ਰਯੋਘੰ ਪ੍ਰਹਾਰੰ॥ ਬਕੈ ਮਾਰ ਮਾਰੰ॥੨੨॥**

**ਸ਼ਬਦਾਰਥ** : ਦੀਹ - ਬਹੁਤ ਵੱਡਾ। ਅਧੋ - ਅੱਧ ਵਿਚਕਾਰ। ਪ੍ਰਯੋਘੰ - ਬਹੁਤ ਸਾਰੇ ਤੀਰ ਚਲਾਉਂਦੇ ਹਨ।

**ਭਾਵਾਰਥ** : ਸੂਰਮੇ ਵੱਡੇ ਵੱਡੇ ਦਲਾਂ ਨੂੰ ਲਤਾੜ ਰਹੇ ਹਨ। ਉਹ ਸਰੀਰ ਦੇ ਅੰਗਾਂ ਨੂੰ ਅੱਧੇ ਅੱਧੇ ਲਾਹ ਕੇ ਸੁੱਟ ਰਹੇ ਹਨ। ਉਹ ਬਹੁਤ ਸਾਰੇ ਤੀਰ ਚਲਾਉਂਦੇ ਹਨ ਅਤੇ ਮਾਰੋ ਦਾ ਸ਼ਬਦ ਉਚਾਰਨ ਕਰ ਰਹੇ ਹਨ।

**ਨਦੀ ਰਕਤ ਪੂਰੰ॥ ਫਿਰੀ ਗੈਣਿ ਹੂਰੰ॥**

**ਗਜੇ ਗੈਣ ਕਾਲੀ॥ ਹਸੀ ਖੱਪਰਾਲੀ॥੨੩॥**

**ਸ਼ਬਦਾਰਥ** : ਰਕਤ - ਲਹੂ। ਗੈਣ - ਅਸਮਾਨ ਵਿੱਚ। ਖੱਪਰਾਲੀ - ਖੱਪਰ ਵਾਲੀ ਕਾਲੀ ਦੇਵੀ।

**ਭਾਵਾਰਥ** : ਯੁੱਧ ਦੇ ਮੈਦਾਨ ਵਿੱਚ ਸੂਰਮਿਆਂ ਦੇ ਲਹੂ ਨਾਲ ਨਦੀ ਭਰ ਗਈ ਹੈ। ਅਸਮਾਨ ਵਿੱਚ ਪਰੀਆਂ ਫਿਰ ਰਹੀਆਂ ਹਨ। ਅਕਾਸ਼ ਵਿੱਚ ਕਾਲਕਾ ਦੇਵੀ ਗੱਜ ਉੱਠੀ। ਲਹੂ ਨਾਲ ਖੱਪਰ ਭਰ ਕੇ ਪੀਣ ਵਾਲੀ ਕਾਲੀ ਦੇਵੀ ਖ਼ੁਸ਼ ਹੋਈ।

(ਚਲਦਾ)



Sri Satguru Jagjit Singh Ji eLibrary NamdhariElibrary@gmail.com

# 'ਰਾਮ ਵਿਯੋਗੀਆਂ ਦੇ ਬਾਰਾਂਮਾਹ' ਵਿਚੋਂ

## ਕੱਤਕ

### ਬਾਬਾ ਚੰਦਾ ਸਿੰਘ ਨਾਮਧਾਰੀ

**ਦੋਹਿਰਾ**

ਗੁਰ ਧਰਮ ਰੱਖਣ ਦੇ ਵਾਸਤੇ ਜੁਗ ਜੁਗ ਲਏ ਅਵਤਾਰ।
ਚੁਗਲ ਨਿੰਦਕ ਚੁਣ ਮਾਰਨੇ, ਕਰਨੇ ਅਸੁਰ ਸੰਘਾਰ।

ਕੱਤਕ ਕਰਮ ਧਰਮ ਗੁਰ ਲਾਏ,
ਭੁੱਲੇ ਜਾਂਦੇ ਮਾਰਗ ਪਾਏ,
ਸਤਿਗੁਰ ਸੱਚ ਸੁੱਚ ਦ੍ਰਿੜਾਏ,
ਮਾਸ ਸ਼ਰਾਬ ਤੇ ਨੀਲ ਹਟਾਏ,
ਗੋਰਾ ਖੌਫ ਸਿੰਘਾਂ ਤੋਂ ਖਾਏ,
ਨਹੀਂ ਇਹ ਖੈਰ ਗੁਜ਼ਾਰਦੇ।

ਕਰਦੇ ਪਹਿਰ ਰਾਤੀਂ ਇਸ਼ਨਾਨ,
ਪੜਦੇ ਬਾਣੀ ਲਾਏ ਧਿਆਨ,
ਢਾਹੁਣ ਮੜ੍ਹੀਆਂ ਗੋਰ ਮਕਾਮ,
ਸਤਿਗੁਰ ਬਹਿੰਦੇ ਲਾਏ ਦੀਵਾਨ,
ਰਾਗੀ ਵਾਰ ਆਸਾ ਦੀ ਲਾਣ,
ਸਿੰਘ ਹੋ ਮਸਤਾਨੇ ਜਾਣ,
ਉਹ ਭਬਕਾਂ ਮਾਰਦੇ।

ਸਤਿਗੁਰ ਹੋਰ ਹੁਕਮ ਚੜ੍ਹਾਏ,
ਸਾਰੀ ਸੰਗਤ ਤਾਈਂ ਸੁਣਾਏ,
ਇਹ ਮਲੇਸ਼ ਲ਼ੰਦਨੋਂ ਆਏ,
ਏਨ੍ਹਾਂ ਬੁਚੜਖਾਨੇ ਲਾਏ,
ਸਾਨੂੰ ਦੁੱਖ ਗਊਆਂ ਦਾ ਖਾਏ,
ਸਿੰਘੋ ਸੀਸ ਦੇਵਣੇ ਆਏ,
ਨਾਏ ਕਰਤਾਰ ਦੇ।

ਚੰਦਾ ਸਿੰਘ ਇਹ ਗੁਰਾਂ ਦੀ ਰੀਤ,
ਕਮਰਾਂ ਕੱਸ ਕੇ ਖਲੇ ਸ਼ਹੀਦ,
ਜਿਨ੍ਹਾਂ ਗੁਰ ਬਚਨੀ ਪਰਤੀਤ,
ਦੇਣੇ ਕੀਏ ਧਰਮ ਤੋਂ ਸੀਸ,
ਉਹ ਹੋਏ ਤਿਆਰ ਨੇ।

ਉਨ੍ਹਾਂ ਸ਼ਸਤਰ ਜਾ ਚਲਾਏ,
ਮਾਰੇ ਬੁਚੜ ਖਾਕ ਰਲਾਏ,
ਕੱਟੇ ਗਊਆਂ ਦੇ ਗਲੋਂ ਫਾਹੇ,
ਦੇਉਤਿਆਂ ਜੈ ਜੈ ਕਾਰ ਬੁਲਾਏ,
ਧਰਮ ਵੀਚਾਰ ਕੇ।

### ਸੰਤ ਨਿਹਾਲ ਸਿੰਘ

ਕੱਤੇਂ ਅਕਾਲ ਕਾਲ ਕਰਦੇ,
ਹੱਥੀਂ ਸਲੋਤਰ ਫੜਦੇ,
ਮਰਨੋਂ ਮਾਰਨੋਂ ਨਾ ਡਰਦੇ,
ਖੌਫ ਕਰਦੀ ਲੁਕਾਈ ਹੈ।

ਸਿੰਘ ਰੰਗੀਲੇ
ਨਹੀਂ ਛਪਦੇ ਛਪਾਏ,
ਗੁਰੂ ਨਾਮ ਨੂੰ ਜਪਾਏ
ਕੈਸੀ ਰਚਨਾ ਰਚਾਈ ਹੈ।

ਢੱਠੇ ਦੇਵੀ ਦੇ ਦਵਾਰੇ,
ਵੱਡੇ ਵੱਡੇ ਥਾਨ ਭਾਰੇ,.
ਢਾਹੀਆਂ ਕਬਰਾਂ ਮਸੀਤਾਂ,
ਧੂੰਦ ਖਾਲਸੇ ਮਚਾਈ ਹੈ।

ਨਿਹਾਲ ਸਿੰਘ ਜੋ ਫਰੰਗੀ,
ਖੌਫ ਖਾਏ ਲਾਟ ਜੰਗੀ,
ਆਏ ਬਾਰ੍ਹਵੇਂ ਅਵਤਾਰ,
ਫਿਰੇ ਅਕਾਲ ਦੀ ਦੁਹਾਈ ਹੈ।

### ਬਾਬਾ ਕਾਲ੍ਹਾ ਸਿੰਘ

ਕੱਤਕ ਕੌਤਕ ਗੁਰਾਂ ਦੇ ਦਸਿਆ
ਸੰਗਤ ਤਾਈਂ ਸੁਣਾਇਆ ਹੈ।
ਸੰਤ ਪੰਥ ਤੇ ਵਰਤੇ ਭਾਣਾ
ਹੁਕਮ ਅਕਾਲੋਂ ਆਇਆ ਹੈ।
ਲੱਗਣ ਅੱਸੀ ਸੀਸ ਸਿੰਘ ਦੇ
ਦਸਮੇ ਗੁਰ ਫੁਰਮਾਇਆ ਹੈ।
ਕਾਲਾ ਸਿੰਘ ਗੁਰ ਪੂਰੇ ਨੇ
ਓਹੀ ਸਾਂਗ ਬਣਾਇਆ ਹੈ।


Sri Satguru Jagjit Singh Ji eLibrary NamdhariElibrary@gmail.com

### ਚਤਰ ਸਿੰਘ ਬੀਰ

ਕੱਤਕ ਕੰਮ ਸਭ ਵਿਸਰੇ
ਰਹੀ ਜ਼ਰਾ ਨਾ ਹੋਸ਼।
ਕਿਸਮਤ ਖੋਟੀ ਆਪਣੀ
ਕਿਸ ਨੂੰ ਦੇਈਏ ਦੋਸ਼ ?

### ਸੂਬਾ ਮੀਹਾਂ ਸਿੰਘ

ਕੱਤਕ ਪੁਨਿਆ ਲੋਕ ਤਕੌਣ ਸਾਰੇ
ਨ਼ਾਨਕ ਗੁਰੂ ਹੋ ਦਰਸ ਦਿਖਾਰਿਆ ਤੈਂ।

ਜਾਮਾ ਬਾਰ੍ਹਵਾਂ ਧਾਰ ਪਰਦੇਸ ਜਾਵਾਂ,
ਦਸਮ ਗੁਰੂ ਹੋ ਵਾਕ ਉਚਾਰਿਆ ਤੈਂ।

ਆਵਾਂ ਦੇਸ ਦੇ ਵਿਚ ਮੈਂ ਫੇਰ ਮੁੜਕੇ,
ਸੋਹਣੇ ਮੁਖ ਸੇ ਆਪ ਉਚਾਰਿਆ ਤੈਂ।

ਆਈ ਰੁਤ ਹੁਣ ਆ ਅਸਵਾਰ ਚੀਨੀ,
ਬਚਨ ਕੀਤਾ ਕਿਉਂ ਆਪ ਵਿਸਾਰਿਆ ਤੈਂ।

### ਤੇਜਾ ਸਿੰਘ ਸੋਖਲ

ਕੱਤਕ ਕਰਮ ਜੇ ਹੋਵਣ ਮਾੜੇ
ਤਾਂ ਵਿਛੋੜੇ ਪੈਂਦੇ।
ਪੀਆ ਗਏ ਪਰ਼ਦੇਸ ਜਿਨ੍ਹਾਂ ਦੇ
ਨਾਲ ਸੁੱਖਾਂ ਨਹੀਂ ਬਹਿੰਦੇ।
ਖਾਣਾ ਪੀਣਾ ਕੁਝ ਨਾ ਸੁੱਝੇ
ਵਾਂਗ ਬੀਮਾਰਾਂ ਰਹਿੰਦੇ।
ਚੀਨੀ ਵਾਲਾ ਮਿਲੇ ਜੇ ਸਤਿਗੁਰ
ਮੁਖੋਂ ਹਰਦਮ ਕਹਿੰਦੇ।

### ਇਕਬਾਲ ਸਿੰਘ ਮਨਚੰਦਾ

ਕੱਤਕ ਕਰਮ ਮੇਰੇ ਸੜ ਗਏ ਉਸੇ ਪਲ,
ਜਿਸ ਵੇਲੇ ਕੰਤ ਪਰਦੇਸ ਦਰ ਮੱਲਿਆ।

ਹੱਥ ਜੋੜ ਪੱਲਾ ਪਾ ਕੇ ਰੋ ਰੋ ਫਾਵੀ ਹੋਈ,
ਪਰ ਮੇਰੇ ਪੀਆ ਦਾ ਨਾ ਜਰਾ ਜੀਅ ਹੱਲਿਆ।

ਮੰਦਰ ਤੇ ਚੜ੍ਹ ਕੇ ਮੈਂ ਪੰਥ ਨੂੰ ਨਿਹਾਰਾਂ ਨਿਤ,
ਅੱਖੀਆਂ 'ਚ ਪਏ ਚਿੱਟੇ ਨੀਰ ਮੁੱਕ ਚੱਲਿਆ।

ਪ੍ਰੀਤਮ ਪਿਆਰੇ ਸ੍ਰੀ ਗੁਰੂ ਰਾਮ ਸਿੰਘ ਜੀਓ,
ਸੁਖ ਦਾ ਸੁਨੇਹਾ ਮੈਨੂੰ ਕੋਈ ਵੀ ਨਾ ਘੱਲਿਆ।

# ਵਰਿਆਮ

—ਸਵ: ਜਸਵੰਤ ਸਿੰਘ 'ਰਾਹੀ'

ਭਾਈਵਾਲੀ ਹੇ ਤੇਰੇ ਧਰਮ ਦੀ
ਭੱਖਦੀ ਮਿਹਨਤ ਲਾਲ।

ਕਾਗਜ਼ਾਂ ਉੱਤੇ ਹਰਫ਼ਾਂ ਦਾ ਵਰਿਆਮ
ਮੈਦਾਨ ਦਾ ਵੀ ਸੂਰਮਾ ਬਣ ਗਿਆ ਹੈ।

ਹਰ ਨੰਬਰ ਨੂੰ ਵੇਖ ਕੇ
ਸਿਦਕ ਨੂੰ ਪ੍ਰਣਾਮ ਮਿਲਦੀ ਹੈ
ਪੰਜਾਬੀ ਮਾਂ-ਬੋਲੀ ਦੀ ਗੱਦ ਵਿਚ
ਤੇਰੀ ਕਰਨੀ ਦੇ ਆਸ ਦੇ
ਕਤਰੇ ਹਨ।

ਸ਼ੌਕ ਤਾਂ ਬਦਲਦੇ ਰਹਿੰਦੇ ਹਨ
ਲਗਨ ਅੱਗੇ ਤਾਂ ਕੰਧ ਨਹੀਂ ਠਹਿਰ ਸਕਦੀ।

ਸਿਆਸਤ ਪ੍ਰਚਾਰ ਤੇ [illegible]ਕਤ ਚਾਹੁੰਦੀ ਹੈ
ਸੇਵਾ ਉਮਰ ਲਈ ਤਸ[illegible]ਨ।

ਮਾਲਾ ਨੂੰ ਵਰ ਤਾਂ
ਬਣਨ ਲੱਗੀ ਨੂੰ ਮਿਲ ਗਿਆ ਸੀ।

ਤੂੰ ਆਪਣੀ ਖ਼ੂਬਸੂਰਤੀ ਨਾਲ
ਵਰਿਆਮ ਨੂੰ ਖਲਿਆਰ ਲਿਆ ਹੈ।

ਨਜ਼ਰਾਂ ਦੋਹਾਂ ਤੇ ਫਿਰਦੀਆਂ ਥੱਕ ਜਾਂਦੀਆਂ ਹਨ।

'ਸੱਤ ਦਾ ਗੁਰ'
ਜਿਸ ਨੇ ਸਭ ਤੋਂ ਪਹਿਲੀ ਵਾਰ
ਭਾਰਤ ਮਾਂ ਦੇ ਸੰਗਲਾਂ ਤੇ ਛੈਣੀ ਧਰੀ
ਉਹ ਤੇਰਾ "ਜਗਦੀਸ਼" ਹੈ
ਸਿੰਘ ਤੂੰ ਆਪ ਹੈਂ।

ਉੱਦਮ ਦੇ ਹੁੰਗਾਰੇ ਤੇਰੇ ਨਾਲ ਹਨ
ਅਣ-ਥੱਕ ਬਣਿਆਂ ਸਫਲਤਾ ਮਿਲਦੀ ਹੈ।

—ਡੇਰਾ ਬਾਬਾ ਨਾਨਕ



Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

© 61040
Code : 01824

# For Fitting Diesel Engines in Foreign & INDIAN CAR BODIES




*Specialists in :*

## Mercedes Benz Car Repairing

# AMARJIT MOTOR GARAGE

G.T. Road, Opp. Jalandhar Octroi Post,
PHAGWARA



Sri Satguru Jagjit Singh Ji eLibrary NamdhariElibrary@gmail.com

# ਸ੍ਰੀ ਕਿਸਨ ਮਹਾਰਾਜ ਦੇ ਘਰ

**—ਪ੍ਰੀਤਮ ਸਿੰਘ ਕਵੀ**

ਸ. ਪ੍ਰੀਤਮ ਸਿੰਘ ਕਵੀ ਨੂੰ ਸ੍ਰੀ ਭੈਣੀ ਸਾਹਿਬ ਵਿਚ ਸਨਮਾਨਿਆ ਗਿਆ ਹੈ। ਉਹਨਾਂ ਦੀ ਸੁੰਦਰ ਸ਼ਬਦਾਵਲੀ ਵਾਲੀ ਲਿਖਤ ਦਾ ਇਕ ਨਮੂਨਾ ਇਥੇ ਪ੍ਰਸਤੁਤ ਕਰ ਰਹੇ ਹਾਂ। ਇਹ ਰਚਨਾ ਵਰਿਆਮ ਵਿਚ ਪੁਰਾਣੇ ਸਮਿਆਂ ਵਿਚ ਛੱਪ ਚੁੱਕੀ ਹੈ। ਪ੍ਰਸੰਗ ਸੰਸਾਰ ਪ੍ਰਸਿੱਧ ਤਬਲਾ ਵਾਦਕ ਪੰਡਿਤ ਕਿਸਨ ਮਹਾਰਾਜ ਦੇ ਘਰ ਬਨਾਰਸ ਸ਼ਹਿਰ ਮਿਤੀ ੨੬ ਫਰਵਰੀ ੧੯੭੮ ਦਾ ਹੈ। —ਸੰਪਾਦਕ

ਰਾਤ ਦੇ ੯ ਵਜੇ। ਕਿਸਨ ਮਹਾਰਾਜ ਦਾ ਘਰ ਪਹਿਲੀ ਛੱਤ ਉੱਤੇ ਸਭਾ ਭਵਨ ਸਾਹਮਣੇ ਸ੍ਰੀ ਕੰਠੇ ਮਹਾਰਾਜ ਦੀ ਮੂਰਤੀ, ਉਸ ਉੱਤੇ ਨਾਲ ਦੀਵਾਰ ਨਾਲ ਟੰਗਿਆ ਪੁੜੇ ਧਾਮੇ ਦਾ ਧਾਤ-ਉਭਰਵਾਂ ਚਿੱਤਰ। ਦੀਵਾਰਾਂ ਉੱਤੇ ਪੰ. ਹਰੀ ਮਹਾਰਾਜ ਪੰ. ਬਲਦੇਵ ਸਹਾਏ ਮਿਸਰ, ਪੰ. ਰਾਮ ਸਹਾਏ ਮਿਸਰ, ਪੰ. ਭੈਰਵ ਸਹਾਏ ਮਿਸਰ, ਪੰ. ਕੰਠੇ ਮਹਾਰਾਜ ਦੀਆਂ ਕਲਮੀ ਤਸਵੀਰਾਂ। ਦੀਵਾਰਾਂ ਤੇ ਜੋ ਫੋਟੋ ਗ੍ਰਾਫ ਹਨ ਉਹਨਾਂ ਵਿਚ ਭਾਰਤ ਦੀਆਂ ਰਾਜਨੀਤਕ ਉਚ ਹਸਤੀਆਂ ਨਾਲ ਕਿਸਨ ਮਹਾਰਾਜ ਦਿਸਦੇ। ਇਕ ਬਾਹੀ ਅਰਥਾਤ ਹਾਲ ਦੇ ਲੰਬੇ ਪਾਸੇ ਸਾਹਵੇਂ ਕਲਾ ਅਤੇ ਗੁਣ ਦਾਤੇ ਗਣੇਸ਼ ਜੀ ਦਾ ਇਕ ਪੰਜ ਫੁੱਟ ਉੱਚਾ ਬੁੱਤ ਬਣਾਇਆ ਗਿਆ ਹੈ ਜਿਸ ਦੇ ਹੱਥ ਵਿਚ ਮ੍ਰਿਦੰਗ ਹੈ। ਪਹਿਲਾਂ ਦੱਸੇ ਚਿੱਤਰ ਤਾਂ ਕੰਠੇ ਮਹਾਰਾਜ ਜੀ ਦੇ ਕਿਸੇ ਸ਼ਾਗਿਰਦ ਦੇ ਬੁਸ਼ ਦਾ ਕਮਾਲ ਹਨ, ਪਰ ਗਣੇਸ਼ ਮੂਰਤੀ ਖੁਦ ਕਿਸਨ ਮਹਾਰਾਜ ਦੇ ਹੱਥਾਂ ਦੀ ਕਰਾਮਾਤ ਹੈ। ਇਹਨਾਂ ਨੂੰ ਵੇਖ ਪ੍ਰਸਿੱਧ ਤਬਲਾ ਵਾਦਕ ਦੇ ਹੱਥਾਂ ਦੀ ਕੋਮਲਤਾ ਤੇ ਸਮਝ ਦੀ ਬਾਰੀਕੀ ਦਾ ਪਤਾ ਲੱਗਦਾ ਹੈ।

ਕਿਸਨ ਮਹਾਰਾਜ ਦੇ ਇਸ ਸਭਾ ਭਵਨ ਵਿਚ ਕੁਝ ਲੋਕ ਤਾਂ ਹਾਜ਼ਰ ਹਨ ਪਰ ਖੁਦ ਕਿਸਨ ਮਹਾਰਾਜ ਤੇ ਹੋਰ ਕਲਾਕਾਰ ਅਜੇ ਨਹੀਂ ਆਏ। ਹਾਂ, ਏਥੇ ਮਿਲੇ ਹਨ ਪੰ. ਬਾਂਕੇ ਬਿਹਾਰੀ ਸ਼ਰਮਾ, ਜੋ ਸਮਾਚਾਰ ਨਿਊਜ਼ ਏਜੈਂਸੀ ਦੇ, ਏਥੇ ਮੈਨੇਜਰ ਹਨ। ਉਹਨਾਂ ਸਤਿਗੁਰੂ ਜੀ ਦੀ ਸੇਵਾ ਵਿਚ ਬੇਨਤੀ ਕੀਤੀ ਕਿ ਉਹ ਪ੍ਰੈਸ ਕਲੱਬ ਵਿਚ ਕਲ੍ਹ ਦਰਸ਼ਨ ਦੇਣ। ਉਹ ਇਕ ਸਤਿਕਾਰਯੋਗ ਪੰਜਾਬੀ ਦਾ ਪ੍ਰਾਪੇਗੰਡਾ ਕਰਨਾ ਚਾਹੁੰਦੇ ਹਨ। ਪਰ ਸਤਿਗੁਰੂ ਜੀ ਪਾਸ ਤਾਂ ਹੁਣ ਸਮਾਂ ਹੀ ਨਹੀਂ ਸੀ।

ਬਾਂਕੇ ਬਿਹਾਰੀ ਜੀ ਨੇ ਪੰਜਾਬੀ ਚਰਿੱਤਰ ਦੀ ਯੂ. ਪੀ. ਵਿਚ ਅਣਹੋਂਦ ਦੱਸੀ। ਉਹਨਾਂ ਕਿਹਾ ਕਿ ਏਥੇ ਪੰਜਾਬੀ, ਪੰਜਾਬੀ ਨਹੀਂ ਲੱਗਦੇ ਅਤੇ ਇਸ ਗੱਲੋਂ ਇਹਨਾਂ ਨੂੰ ਖਿੱਝ ਆਉਂਦੀ ਹੈ।

੭.੧੫ ਤੇ ਸਤਿਗੁਰੂ ਜੀ ਲਈ ਦਿੱਲੀ ਤੋਂ ਫੋਨ ਆ ਗਿਆ। ਆਪ ਹੇਠਲੇ ਕਮਰੇ ਵਿਚ ਫੋਨ ਸੁਣਨ ਜਾਂਦਿਆਂ ਕਹਿਣ ਲੱਗੇ—ਸੁਰਿੰਦਰ (ਮਨਚੰਦਾ) ਦਾ ਹੋਵੇਗਾ। ਆਪ ਦੇ ਪਿੱਛੋਂ ਸ੍ਰੀ ਬਿਰਜੂ ਮਹਾਰਾਜ ਆ ਗਏ। ਉਹਨਾਂ ਨੇ ਆਪਣੇ ਦੇਸ ਪ੍ਰਦੇਸ ਦੇ ਅਨੁਭਵ ਖੂਬ ਸੁਣਾਏ।

ਏਥੇ, ਕਮਰੇ ਵਿਚ ਹੀ ਸ੍ਰੀਮਤੀ ਇੰਦਰਾਂ ਗਾਂਧੀ ਨਾਲ ਕਿਸਨ ਮਹਾਰਾਜ ਦੀ ਇਕ ਰੰਗੀਨ ਫੋਟੋ ਹੈ। ਇਸ ਬਹਾਨੇ ਯਾਦ ਆਇਆ ਕਿ ਅੱਜ ਦੱਖਣੀ ਸਟੇਟਾਂ ਵਿਚ ਪੋਲਿੰਗ ਦੇ ਨਤੀਜੇ ਨਿਕਲਣੇ ਹਨ। ਲਉਢੇ ਪਹਿਰ ਪਤਾ ਲੱਗਾ ਸੀ ਕਿ ਇੰਦਰਾ ਕਾਂਗਰਸ ਕਾਫੀ ਸਫਲਤਾ ਪ੍ਰਾਪਤ ਕਰ ਰਹੀ ਹੈ। ਸਤਿਗੁਰੂ ਜੀ ਨੂੰ ਇੰਦਰਾ ਜੀ ਦੀ ਸਫਲਤਾ ਸੁਣਿਆਂ ਹਾਰਦਿਕ ਖੁਸ਼ੀ ਹੁੰਦੀ ਹੈ।

੯.੩੦ ਵਜੇ ਤਾਂ ਕਿਸਨ ਮਹਾਰਾਜ ਦੇ ਦੋਵੇਂ ਲੜਕੇ ਨਾਮਧਾਰੀ ਵਸਤਰ ਪਹਿਨ ਅਤੇ ਦਸਤਾਰ ਸਜਾਕੇ ਆਏ। ਬਾਂਕੇ ਬਿਹਾਰੀ ਜੀ ਨੇ ਸਤਿਗੁਰਾਂ ਨੂੰ ਦੱਸਿਆ ਕਿ ਕਿਸਨ ਮਹਾਰਾਜ ਦਾ ਵੱਡਾ ਲੜਕਾ ਪੂਰਣ ਮਹਾਰਾਜ ਕਹਿੰਦਾ ਹੈ ਕਿ ਤੁਹਾਡਾ ਪਿੰਕੀ (ਸੁਖਵਿੰਦਰ ਸਿੰਘ) ਤਬਲੇ ਵਾਸਤੇ ਬੜਾ ਉਪਯੁਕਤ ਹੈ ਤੇ ਬਹੁਤ ਜਲਦੀ ਪਿੱਕ-ਅੱਪ ਕਰਦਾ ਹੈ।

ਸਤਿਗੁਰੂ ਜੀ ਫੋਨ ਵਲੋਂ ਵਿਹਲੇ ਹੋ ਕੇ ਆਏ ਤਾਂ ਗੁਰੂ ਸਪੁੱਤਰੀ ਬੀਬਾ ਸਹੇਲੀਆਂ ਤੇ ਸ੍ਰੀ ਕਿਸਨ ਮਹਾਰਾਜ ਦੀਆਂ ਲੜਕੀਆਂ ਵੀ ਆ ਗਈਆਂ।

ਸਤਿਗੁਰੂ ਜੀ ਨੇ ਸ੍ਰੀ ਬਿਰਜੂ ਮਹਾਰਾਜ ਨੂੰ ਬਲਜੀਤ ਆਦਿ ਬੱਚਿਆਂ ਨੂੰ ਆਪ ਸਿਖਾਈਆਂ ਔਖੀਆਂ ਲੈਅ ਤਾਲਾਂ ਦਾ ਜ਼ਿਕਰ ਕੀਤਾ ਤੇ ਦੱਸਿਆ—(ਹਰਭਜਨ ਸਿੰਘ ਰਾਗੀ ਵੱਲ ਵੇਖਕੇ) ਇਹ ਮੇਰੀ ਬੜੀ ਮਦਦ ਕਰਦਾ ਹੈ। ਨੋਟੇਸ਼ਨ ਕਰ ਦਿੰਦਾ ਹੈ। ਇਸ ਤਰ੍ਹਾਂ ਰਚਨਾ ਸੰਭਾਲੀ ਰਹਿੰਦੀ ਹੈ।

**ਸੰਗੀਤ ਸਭਾ**

ਬੱਚੇ, ਸਤਿਗੁਰੂ ਜੀ ਤੇ ਗੁਣੀ ਜਨਾਂ ਦੇ ਸਾਹਮਣੇ ਬੈਠ ਗਏ। ਯਮਨ ਦਾ ਆਲਾਪ ਸ਼ੁਰੂ ਹੋ ਗਿਆ।

ਸਤਿਗੁਰੂ ਜੀ ਨੇ ਦਸ਼ਮੇਸ਼ ਪਿਤਾ ਜੀ ਦੀ ਰਚਨਾ "ਕਰੁਣਾ ਨਿਧਾਨ" ਦੇ ਸ਼ਬਦ ਆਪ ਬਿਰਜੂ ਅਤੇ ਕਿਸਨ ਮਹਾਰਾਜ ਆਦਿ ਕਲਾਕਾਰਾਂ ਨੂੰ ਸੁਣਾਕੇ ਉਹਦੇ ਅਰਥ ਦੱਸੇ ਤੇ ਬੱਚਿਆਂ ਨੇ ਗਾਉਣਾ ਸ਼ੁਰੂ ਕਰ ਦਿੱਤਾ।

ਸ਼ਬਦ-ਆਰੰਭ ਤੋਂ ਪਹਿਲਾਂ ਸਤਿਗੁਰੂ ਜੀ ਨੇ ਨਿਜ ਕਰ-ਕਮਲਾਂ ਦੁਆਰਾ ਇਕ ਲਿਫਾਫਾ ਕਿਸਨ-ਸਪੁੱਤਰ ਪੂਰਣ ਮਹਾਰਾਜ ਨੂੰ ਬੁਲਾਕੇ ਦਿੱਤਾ। (ਪਿਛੋਂ ਪਤਾ ਲੱਗਾ ਕਿ ਇਸ ਵਿਚ ੫੦੦/-ਦੇ ਨੋਟ ਸਨ)। ਸਤਿਗੁਰੂ ਜੀ ਨੇ ਮੁਸਕਰਾ ਕੇ ਕਿਹਾ—ਇਹ ਕਿਸਨ ਮਹਾਰਾਜ ਜੀ ਲਈ ਨਹੀਂ, ਤੇਰੀ ਸੰਸਥਾ ਵਾਸਤੇ ਹੈ।

"ਕਰੁਣਾ ਨਿਧਾਨ" ਚਲਦਿਆਂ ਕਲਾਕਾਰ ਉਂਗਲਾਂ ਤੇ ਮਾਤਰਾ ਗਿਣਦੇ ਕੌਤੂਹਲ ਅਨੁਭਵ ਕਰ ਰਹੇ ਹਨ। ਪਿੰਕੀ ਨੇ



Sri Satguru Jagjit Singh Ji eLibrary NamdhariElibrary@gmail.com

ਪਖਾਵਜ ਵਜਾਂਦਿਆਂ ਆੜ-ਟੇਢ ਵੀ ਖ਼ੂਬ ਵਜਾਈ। ਬਿਰਜੂ ਮਹਾਰਾਜ ਆਪਣੀ ਵਿਸ਼ਾਲ ਅੱਖੀਆਂ ਨਾਲ ਸਿਖਦੇ ਬੱਚਿਆਂ ਦੇ ਜਤਨ ਲਈ ਪ੍ਰਸੰਸਾ ਅਤੇ ਉਤਸੁਕਤਾ ਦੇ ਅੰਦਾਜ਼ ਵਿਚ ਵੇਖ ਰਹੇ ਹਨ। ਕਿਸਨ ਮਹਾਰਾਜ ਵੀ ਲੈਅ ਅਨੁਸਾਰ ਸਿਰ ਹਿਲਾ ਰਹੇ ਹਨ। ਬੱਚਿਆਂ ਦੇ ਅਗਲੀਆਂ ਲੈਆਂ ਵਿਚ ਗਾਉਣ-ਵਜਾਉਣ ਤੇ ਤਿਹਾਈਆਂ ਲਗਾਉਣ ਉੱਤੇ ਕਿਸਨ ਮਹਾਰਾਜ ਤੇ ਬਿਰਜੂ ਮਹਾਰਾਜ ਜੋ ਕਿ ਮੰਨੇ ਜਾਂਦੇ ਲੈਅ ਕਾਰੀ ਦੇ ਬਾਦਸ਼ਾਹ ਹਨ, ਵਲੋਂ ਮਿਲਦੀ ਪ੍ਰਸੰਸਾ ਵੇਖ ਸਤਿਗੁਰੂ ਜੀ ਆਪਣੀ ਕਿਰਤ ਨੂੰ ਮਹਿੰਗ ਮੁੱਲੀ ਹੋਈ ਮਿਥਦੇ ਹਨ।

ਇਸ ਸਭਾ ਵਿਚ ਨਾਮਧਾਰੀਆਂ ਤੋਂ ਦੁਗਣੇ ਦੂਸਰੇ ਸਰੋਤੇ ਹਨ। ਕਿਸਨ ਮਹਾਰਾਜ ਦੇ ਗੋਰੇ ਸ਼ਾਗਿਰਦ ਵੀ ਮੌਜੂਦ ਹਨ। ਸਵੇਰ ਦੀ ਸਭਾ ਵਿਚ ੧੪੦ ਕੁ ਗੋਰਾ ਤਾਂ ਜ਼ਰੂਰ ਹੀ ਸੀ।

ਸ਼ਬਦ ਸਮਾਪਤੀ ਤੇ ਪ੍ਰਸੰਸਾ ਦੇ ਬੋਲ ਵਟਾਂਦਿਆਂ ਸਤਿਗੁਰੂ ਜੀ ਨੇ ਕਿਸਨ ਮਹਾਰਾਜ ਨੂੰ ਆਖਿਆ—ਤੁਹਾਡੀ ਲੈਅ ਪਕੜ ਦੀ ਕੀ ਤਾਰੀਫ ਕਰੀਏ, ਬਿਰਜੂ ਮਹਾਰਾਜ ਦੇ ਪੈਰ ਉਠਦਿਆਂ ਹੀ ਤਬਲੇ ਦੇ ਬੋਲਾਂ ਦੁਆਰਾ ਉਨ੍ਹਾਂ ਨੂੰ ਪਕੜ ਲੈਂਦੇ ਹੋ।

ਦੂਜਾ ਸ਼ਬਦ ਸ਼ੁਰੂ ਹੋਇਆ: "ਹਰਿ ਹਰਿ ਨਾਮ ਨਿਧਾਨ ਹੈ।" ਪਿੰਕੀ ਦੇ ਜ਼ੋਰਦਾਰ ਤਬਲਾ ਵਾਦਨ ਨੇ ਸਭ ਨੂੰ ਆਕਰਸ਼ਤ ਕਰ ਲਿਆ। ੧੧ ਵਜ ਗਏ। ਕਿਸਨ ਮਹਾਰਾਜ ਦਾ ਛੋਟਾ ਲੜਕਾ ਉਪਰ ਆਇਆ—ਫੋਨ ਹੈ ਸਤਿਗੁਰੂ ਜੀ ਦਾ।

ਸਤਿਗੁਰੂ ਜੀ ਤੁਰੰਤ ਹੇਠਲੇ ਕਮਰੇ ਵੱਲ ਹੋ ਤੁਰੇ। ਪੰਜ ਮਿੰਟ ਬਾਅਦ ਸਤਿਗੁਰੂ ਜੀ ਮੁੜ ਸੰਗੀਤ ਸਭਾ ਵਿਚ ਆ ਸਸ਼ੋਭਿਤ ਹੋਏ।

ਸ਼ਬਦ-ਅੰਤ ਉੱਤੇ ਦਰੁਤ ਲੈਅ ਵਿਚ ਪਿੰਕੀ ਨੇ ਆਟੇ ਵਾਲੇ ਪੁੜੇ ਨੂੰ ਮੁਖ ਰੱਖਦੀ ਖੂਬ ਪਖਾਵਜ ਕੀਤੀ। ਸਤਿਗੁਰੂ ਜੀ ਨੇ ਪੰ. ਬਿਰਜੂ ਮਹਾਰਾਜ ਨੂੰ ਕਿਹਾ—ਇਹ ਸਭ ਆਪ ਲੋਕਾਂ ਦੀ ਕਿਰਪਾ ਹੈ ਕਿ ਅਸੀਂ ਸਾਰੇ ਏਥੇ ਇਕੱਠੇ ਹੋ ਗਏ। ਸਾਡੇ 'ਚੋਂ ਕੁਛ ਥਾਈਲੈਂਡ ਤੋਂ ਆਏ ਹਨ, ਕੋਈ ਬੰਬਈਓਂ, ਕੋਈ ਬੈਂਗਲੋਰੋਂ, ਕੋਈ ਦਿਲੀਓਂ, ਜੇ ਸਾਨੂੰ ਸਭ ਨੂੰ ਲਗਾਤਾਰ ਇਕੱਠੇ ਰਹਿਣ ਦਾ ਅਵਸਰ ਮਿਲੇ ਤਾਂ ਹੋਰ ਵੀ ਚੰਗਾ ਹੋਵੇ।

੧੧.੧੫ ਹੋਏ ਤਾਂ ਆਗਿਆ ਅਨੁਸਾਰ ਉਸਤਾਦ ਹਰਭਜਨ ਸਿੰਘ ਹਾਰਮੋਨੀਅਮ ਲੈ ਕੇ ਆਉਣ ਲੱਗਾ। ਮਹਾਰਾਜ ਬੀਰ ਸਿੰਘ ਜੀ ਤਬਲਾ ਵਜਾਉਣ ਲੱਗੇ। ਸਤਿਗੁਰੂ ਜੀ ਨੇ ਦਿਲਰੁਬਾ ਮੋਢੇ ਨਾਲ ਲਾ ਲਿਆ। ਸਤਿਗੁਰੂ ਜੀ ਦੇ ਖਿੱਚੇ ਹੋਏ ਗਜ਼ ਅਤੇ ਪੋਟਿਆਂ ਦੀ ਕਲਾਮਈ ਤਾਰ-ਛੁਹ ਨੇ ਕਿਸਨ-ਬਿਰਜੂ ਮਹਾਰਾਜ ਨੂੰ 'ਵਾਹਵਾ' ਕਹਿਣ ਤੇ ਮਜਬੂਰ ਕਰ ਦਿੱਤਾ। ..... ਹਰਭਜਨ ਸਿੰਘ ਨੇ ਭਾਰੀ ਮਰਦਾਵੀਂ ਆਵਾਜ਼ ਨਾਲ 'ਜਪ ਮਨ ਜਗੰਨਾਥ ਜਗਦੀਸਰੋ ਜਗਜੀਵਨੋ' ਸਾਰੰਗ ਦੀ ਪੜਤਾਲ ਸ਼ੁਰੂ ਕੀਤੀ। ਕਿਸਨ ਮਹਾਰਾਜ ਨੇ ਸ੍ਰੀ ਮਹਾਦੇਉ ਨੂੰ ਕਿਹਾ—ਕਿਆ ਮੀਠਾ ਹੈ।

**ਪੂਰਾ ਸ਼ਬਦ**

ਜਪਿ ਮਨ ਜਗੰਨਾਥ ਜਗਦੀਸਰੋ ਜਗਜੀਵਨੋ
ਮਨਮੋਹਨ ਸਿਉ ਪ੍ਰੀਤਿ ਲਾਗੀ
ਮੈ ਹਰਿ ਹਰਿ ਹਰਿ ਟੇਕ
ਸਭ ਦਿਨਸੁ ਸਭ ਰਾਤਿ ॥੧॥ ਰਹਾਉ ॥
ਹਰਿ ਕੀ ਉਪਮਾ ਅਨਿਕ ਅਨਿਕ ਅਨਿਕ
ਗੁਨ ਗਾਵਤ ਸੁਕ ਨਾਰਦ ਬ੍ਰਹਮਾਦਿਕ
ਤਵ ਗੁਨ ਸੁਆਮੀ ਗਨਿਨ ਨ ਜਾਤਿ।
ਤੂੰ ਹਰਿ ਬੇਅੰਤੁ ਤੂ ਹਰਿ ਬੇਅੰਤੁ
ਤੂ ਹਰਿ ਸੁਆਮੀ ਤੂ ਆਪੇ ਹੀ ਜਾਨਹਿ ਅਪਨੀ ਭਾਂਤਿ ॥੧॥
ਹਰਿ ਕੈ ਨਿਕਟਿ ਨਿਕਟਿ ਹਰਿ ਨਿਕਟ ਹੀ ਬਸਤੇ
ਤੇ ਹਰਿ ਕੇ ਜਨ ਸਾਧੂ ਹਰਿ ਭਗਾਤ।
ਤੇ ਹਰਿ ਕੇ ਜਨ ਹਰਿ ਸਿਉ ਰਲਿ ਮਿਲੇ ਜੈਸੇ
ਜਨ ਨਾਨਕ ਸਲਲੈ ਸਲਲ ਮਿਲਾਤਿ (੨-੧-੮)

(ਸਾਰੰਗ ਮਹਲਾ ੪, ਘਰੁ ੫, ਦੁਪਦੇ, ਪੜਤਾਲ)
ਪੰਨਾ ਆਦਿ ਗ੍ਰੰਥ, ੧੨੦੦

ਸਤਿਗੁਰੂ ਜੀ ਨੇ ਬਨਾਰਸ ਦੇ ਗੁਣੀ ਜਨਾਂ ਨੂੰ ਪੰਜਾਬੀ ਅੰਗ ਦੀ ਪਖਾਵਜ ਅਤੇ ਗੁਰਬਾਣੀ ਦੇ ਸ਼ਬਦਾਂ ਦਾ ਸਾਮੰਜਸ ਦਰਸਾਇਆ। ਫਿਰ ਕਿਸਨ ਮਹਾਰਾਜ ਨੇ ਅਗ੍ਰਹਿ ਕੀਤਾ—ਜਰਾ ਆਪ ਭੀ ਤੋ ਦਿਲਰੁਬਾ ਕੀ ਤਰਬੇਂ ਬਜਾਨੇ ਕੀ ਕ੍ਰਿਪਾ ਕਰੇਂ।

ਅਤੇ ਹਜ਼ੂਰ ਨੇ ਦਿਲਰੁਬਾ ਨੂੰ ਆਪਣੇ ਗੋਡੇ ਦਾ ਆਸਰਾ ਦੇ ਲੰਮਾ ਪਾ ਲਿਆ। ਕੋਮਲ ਉਂਗਲਾਂ ਤਰਬਾਂ ਛੁੰਹਦੀਆਂ ਜਿਵੇਂ ਨ੍ਰਿਤ ਕਰਨ ਲੱਗੀਆਂ। ਸਤਿਗੁਰੂ ਜੀ ਨੇ ਦੋ ਮਿੰਟ ਬਾਅਦ ਤਰਬਾਂ ਰੋਕ ਫਰਮਾਇਆ—ਇਹ ਨਿਰੋਲ ਸ੍ਰੀ ਭੈਣੀ ਸਾਹਿਬ ਦੀ ਚੀਜ਼ ਹੈ, ਜਿਸਨੂੰ ਭਾਈ ਹਰਨਾਮ ਸਿੰਘ ਜੀ, ਜੋ ਜ਼ਿਮੀਦਾਰ ਸਨ ਨੇ ਕਾਇਮ ਕੀਤਾ। ਪਹਿਲੇ ਲਕੜੀ ਨਾਲ ਵਜਾਇਆ ਜਾਂਦਾ ਸੀ। ਪਰ ਮੈਂ ਨਹੁੰਆਂ ਦੇ ਨਾਲ ਵਜਾਣਾ ਸ਼ੁਰੂ ਕੀਤਾ।

ਸਤਿਗੁਰੂ ਜੀ ਨੇ ਤਰਬਾਂ ਨੂੰ ਮੁੜ ਛੇੜਿਆ। ਸੰਗੀਤ ਕਲਾਕਾਰ ਪੂਰੀ ਤਰ੍ਹਾਂ ਤਰਬਾਂ ਦੁਆਰਾ ਝੰਕਾਰਤ ਹੁੰਦੇ ਸੰਗੀਤ ਵਿਚ ਗੁਆਚ ਗਏ। ਪਹਿਲਾਂ ਧਮਾਰ ਵਿਚ ਤੇ ਫਿਰ ਤਿੰਨ ਤਾਲ ਦੇ ਠੇਕੇ ਨਾਲ ਤਰਬਕਾਰੀ ਜਾਰੀ ਰਹੀ।

ਕੁਝ ਸਮਾਂ ਬਾਅਦ ਸਤਿਗੁਰਾਂ ਇਸ਼ਾਰਾ ਕਰ ਕੇ ਸ੍ਰੀ ਹਰਜਿੰਦਰ ਸਿੰਘ ਜਬਲਪੁਰੀ ਨੂੰ ਤਬਲੇ ਵਾਸਤੇ ਬੁਲਾਇਆ। ਸਤਿਗੁਰੂ ਜੀ ਨੇ ਬਨਾਰਸੀ ਸੰਗੀਤ ਪੰਡਤਾਂ ਨੂੰ ਦੱਸਿਆ ਕਿ ਇਸ ਨੂੰ ਅਤੇ ਵਲਾਇਤੋਂ ਲਿਆ ਕੇ ਕਿਰਨਪਾਲ ਸਿੰਘ ਨੂੰ ਸੰਤੂਰ ਵਾਦਨ ਲਈ ਪੰਡਤ ਸ਼ਿਵ ਕੁਮਾਰ ਦੇ ਸ਼ਗਿਰਦ ਬਿਠਾਲ ਦਿੱਤਾ ਹੈ। ਫਿਰ ਦ੍ਰਤ ਗਤੀ ਵਿਚ ਨਾਧੀ ਧਿੰਨਾ ਵਜਦਿਆਂ ਤਰਬਾਂ ਟੁਣਕ ਪਈਆਂ। ਕਲਾਕਾਰ ਆਨੰਦ ਵਿਭੋਰ ਹੋਏ ਸੁਣਦੇ ਰਹੇ।

ਸਮਾਪਤੀ ਹੋਈ ਤਾਂ ਪ੍ਰਸੰਸਾ ਵਿਚ ਤਾਲੀਆਂ ਤੇ ਵਾਹ



Sri Satguru Jagjit Singh Ji eLibrary NamdhariElibrary@gmail.com

ਵਾਹ ਦਾ ਜਿਵੇਂ ਮੀਂਹ ਬਰਸ ਪਿਆ।

੧੧.੩੦ ਵਜੇ ਪੰਡਿਤ ਮਹਾਦੇਉ ਜੀ ਨੇ ਹੋਲੀ ਖੇਲਣ ਦਾ ਇਕ ਧ੍ਰੁਵਪਦ ਗੰਵਿਆ। ਪੰ. ਕਿਸਨ ਮਹਾਰਾਜ ਨੇ ਤਾਲ ਦੁਆਰਾ ਲੈ ਬੱਧ ਕੀਤਾ। ਬਿਰਧ ਮਹਾਦੇਉ ਕੇਦਾਰ ਗਾ ਰਹੇ ਸਨ। ਸੁਰਾਂ ਏਨੀਆਂ ਮਿੱਠੀਆਂ ਕਿ ਕੰਨ ਸੁਆਦੋ ਸੁਆਦ ਹੋ ਗਏ। ਭਿੜੰਤ ਬਹੁਤ ਜ਼ੋਰਦਾਰ ਰਹੀ। ਸਤਿਗੁਰੂ ਜੀ ਗਾਉਣ ਵਜਾਉਣ ਵਾਲਿਆਂ ਦੇ ਸਮ ਉੱਤੇ ਡਾਢੀ ਕਸ਼ਮਕਸ਼ ਨਾਲ ਆ ਮਿਲਣ ਤੇ ਅਤੀ ਆਨੰਦਤ ਹੁੰਦੇ ਰਹੇ।

ਕਿਸਨ ਮਹਾਰਾਜ ਨੇ ਆਟੇਵਾਲਾ ਧਾਮਾ ਵਜਾਣਾ ਅੱਜ ਅਤੇ ਹੁਣ ਤੋਂ ਹੀ ਸ਼ੁਰੂ ਕੀਤਾ ਹੈ।

ਸਤਿਗੁਰੂ ਜੀ ਨੇ ਬਿਰਜੂ ਮਹਾਰਾਜ ਨੂੰ ਆਖਿਆ ਕਿ ਉਹ ਧਮਾਰ ਸੁਣਨਾ ਚਾਹੁੰਦੇ ਸਨ, ਉਹ ਤਾਂ ਨ੍ਰਿਤ ਦੁਆਰਾ ਉਹਨਾਂ ਸੁਣਾ ਦਿੱਤੀ ਹੁਣ ਗਾ ਕੇ ਵੀ ਸੁਣਾਈ ਜਾਇ, ਅਤੇ ਨਾਲ ਹੀ ਇਕ ਲਤੀਫਾ ਵੀ ਚਹਿਕ ਉਠਿਆ।

ਸਤਿਗੁਰਾਂ ਸੁਣਾਇਆ—ਕਿਸੇ ਲੋੜਵੰਦ ਨੂੰ ਪੀਣ ਲਈ ਦੁੱਧ ਤਾਂ ਮਿਲ ਗਿਆ ਪਰ ਚੀਨੀ ਨਾ ਮਿਲੀ। ਬਾਅਦ ਵਿਚ ਚੀਨੀ ਆਈ ਤਾਂ ਉਸ ਲੱਪ ਗੜੱਪੀ ਖਾ ਲਈ। ਅਤੇ ਉਠ ਕੇ ਢਿਡ ਹਿਲਾਣ ਲੱਗ ਪਿਆ। ਕਿਸੇ ਨੇ ਪੁਛਿਆ ਇਹ ਕੀ ਕਰ ਰਹੇ ਹੋ ? ਉੱਤਰ ਮਿਲਿਆ—ਦੁੱਧ ਵਿਚ ਚੀਨੀ ਮਿਲਾ ਰਿਹਾ ਹਾਂ। ਇੰਜ ਹੀ ਸਵੇਰ ਦੀ ਵੇਖੀ ਹੋਈ ਨ੍ਰਿਤ ਤੇ ਹੁਣ ਦੀ ਸੁਣੀ ਹੋਈ ਧਮਾਰ ਦਾ ਮੇਲ ਅਸੀਂ ਵੀ ਕਰ ਲਵਾਂਗੇ।

ਬਿਰਜੂ ਹਾਰਮੋਨੀਅਮ ਤੇ ਆ ਗਏ। ਖੱਬੇ ਹੱਥ ਨਾਲ ਸੁਰਾਂ ਨੱਪਦਿਆਂ ਹੋਰੀ ਸ਼ੁਰੂ ਕੀਤੀ। ਤਬਲੇ ਦੀ ਸੰਗਤ ਹਰਜਿੰਦਰ ਸਿੰਘ ਦੇਣ ਲੱਗਾ। ਸਤਿਗੁਰੂ ਜੀ ਨੇ ਬਿਰਜੂ ਮਹਾਰਾਜ ਨੂੰ ਆਗ੍ਰਿਹ ਕੀਤਾ ਸੀ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਸਵੈਯੇ ਤੇ ਹੋਲੀ ਤਿਆਰ ਕਰਨ। ਉਹਨਾਂ ਮੰਨਿਆ ਕਿ ਸਵੈਯਾ ਲਿਖ ਕੇ ਦਿੱਤਾ ਜਾਇ ਅਤੇ ਉਸ ਦਾ ਭਾਵ ਸਮਝਾ ਦਿੱਤਾ ਜਾਏ। ਉਹ ਥੋੜੇ ਅਰਸੇ ਬਾਦ ਸੁਣਾ ਦੇਣਗੇ। ਸਤਿਗੁਰੂ ਜੀ ਨੇ ਇਹ ਕਬਿੱਤ ਸੁਣਾਇਆ—

ਮਾਘ ਬਤੀਤ ਭਏ ਰੁੱਤ ਫਾਗੁਨ
ਆਈ ਗਈ ਸਭ ਖੇਲਤ ਹੋਰੀ

...... ........

ਫੇਰ ਮੂਡ ਬਣ ਗਿਆ ਸੀ ਬਿਰਜੂ ਮਹਾਰਾਜ ਦਾ। ਉਸ ਨੇ ਇਕ ਠੁਮਰੀ "ਜਾਨੇ ਦੇ ਮੈਕੋ ਸੁਨੋ ਸਜਨਵਾ" ਬੜੇ ਆਨੰਦ ਵਿਚ ਸੁਣਾਈ। ਜਦੋਂ ਮਹਾਦੇਵ ਜੀ ਜਾਣ ਲੱਗੇ ਤਾਂ ਸਤਿਗੁਰਾਂ ਉਹਨਾਂ ਨੂੰ ਹਰਭਜਨ ਸਿੰਘ ਰਾਹੀਂ ਸ. ਸੇਵਾ ਸਿੰਘ ਨਾਮਧਾਰੀ ਏਜੈਂਸੀਜ਼ ਦਿੱਲੀ ਪਾਸੋਂ ਕੁਛ ਰਕਮ ਦਿਵਾਈ।

ਅੰਤ ਉੱਤੇ ਆਪ ਨੇ ਇਕ ਸ਼ਬਦ 'ਛਾਡਿ ਮਨ ਹਰਿ ਬਿਮੁਖਨ ਕੋ ਸੰਗ' ਪੌਣੀਆਂ ਪੰਦਰਾਂ ਮਾਤਰਾਂ ਅਤੇ ਫਿਰ ਤਿੰਨ ਤਾਲ ਵਿਚ ਮਾਲਕੌਸ ਦੀਆਂ ਸੁਰਾਂ ਅੰਦਰ ਸੁਣਾਇਆ।

*੧੨,੪੫ ਵਜੇ ਸੰਗੀਤ ਸਭਾ ਸਮਾਪਤ ਹੋ ਗਈ।*

## ਕਲਾਕਾਰਾਂ ਦੇ ਲਤੀਫ਼ੇ

ਅਮਜਦ ਅਲੀ ਜੀ ਨੇ ਹਾਥੀ ਉੱਤੇ ਇਕ ਲਤੀਫ਼ਾ ਸੁਣਾ ਦਿੱਤਾ: ਕੋਈ ਚੂਹਾ ਖੁੱਡ 'ਚੋਂ ਨਿਕਲ ਕੇ ਬਾਹਰ ਟਹਿਲ ਰਿਹਾ ਸੀ ਕਿ ਉਸਨੂੰ ਅੱਗੋਂ ਹਾਥੀ ਤੁਰਿਆ ਆਉਂਦਾ ਨਜ਼ਰੀ ਪਿਆ। ਚੂਹੇ ਨੇ ਸੋਚਿਆ—ਰੰਗ, ਰੂਪ ਕੰਨ, ਨੱਕ, ਪੂਛ ਮੇਰੇ ਵਰਗੀ ਹੀ ਹੈ, ਪਰ ਇਹ ਏਨੀ ਵੱਡੀ ਕੀ ਸ਼ੈ ਹੋਵੇ ' ਹਾਥੀ ਕੋਲ ਆਇਆ ਤਾਂ ਚੂਹੇ ਪੁੱਛਿਆ: ਕੌਣ ਹੋ ਭਾਈ ਤੁਸੀਂ ਏਨੇ ਵੱਡੇ-ਵੱਡੇ ?

'ਮੈਨੂੰ ਹਾਥੀ ਕਹਿੰਦੇ ਹਨ।' ਹਾਥੀ ਨੇ ਸਨਿਮਰ ਜਵਾਬ ਦੇ ਕੇ ਨਾਲ ਲਗਦਿਆਂ ਹੀ ਸਵਾਲ ਕਰ ਦਿੱਤਾ: ......ਤੇ ਹਜ਼ੂਰ, ਤੁਸੀਂ ਕੌਣ ਹੋ ? ਕਦੇ ਨਜ਼ਰ ਨਹੀਂ ਪਏ ? ਮੇਰੇ ਵਰਗੇ ਹੀ ਨੱਕ, ਕੰਨ, ਪੂਛ ਆਦਿ ਹਨ ਤੁਹਾਡੇ, ਪਰ ਬਹੁਤ ਛੋਟੇ ਛੋਟੇ ਲਗਦੇ ਹੋ, ਮੇਰੀ ਕੁਲ ਦੇ ਹੀ ਜਾਪਦੇ ਹੋ। ਚੂਹੇ ਨੇ ਤੁਰੰਤ ਉੱਤਰ ਦਿੱਤਾ... ਹਾਂ ਜੀ ਕੁੱਲ ਤੇ ਆਪਦੀ ਹੀ ਹਾਂ। ਬਿਮਾਰ ਪਿਆ ਰਿਹਾ ਹਾਂ, ਸਰੀਰ ਬਹੁਤ ਸੁੰਗੜ ਗਿਆ ਹੈ, ਹੁਣ ਹੀ ਕੁਝ ਠੀਕ ਹੋਇਆ ਹਾਂ। ..... ਇਹ ਕਹਿਕੇ ਅੱਗੇ ਨਿਕਲ ਤੁਰਿਆ।

ਅਮਜਦ ਅਲੀ ਵਾਹਵਾ ਮੂਡ ਵਿਚ ਜਾਪਦੇ ਸਨ। ਉਨ੍ਹਾਂ ਇਕ ਲਤੀਫ਼ਾ ਹੋਰ ਦਾਗ਼ ਦਿੱਤਾ: ਕਿਸੇ ਨੇ ਕੇਵਲ ਮਾਲਕੌਂਸ ਹੀ ਗਾਉਣਾ ਸਿਖਿਆ ਹੋਇਆ ਸੀ। ਕੋਈ ਉਸ ਨੂੰ ਇਵਜ਼ਾਨਾ ਦੇਣਾ ਮੁਕਰਰ ਕਰਕੇ ਰਾਗੋਂ ਨਾਵਾਕਫ਼ ਲੋਕਾਂ ਵਿਚ ਗਾਉਣ ਲਈ ਲੈ ਗਿਆ। ਏਥੇ ਮਜਲਸ ਸੀ ਕੋਈ। ਪਰ ਜਦੋਂ ਮਾਲਕੌਂਸੀ ਗਵੱਯੇ ਨੂੰ ੧੦-੧੫ ਮਿੰਟ ਗਾਉਂਦਿਆਂ ਹੋ ਗਏ ਤਾਂ ਲੋਕ ਇਕ ਦੂਜੇ ਨੂੰ ਕੂਹਣੀਆਂ ਮਾਰਨ ਲੱਗੇ। ਸੰਗੀਤਕਾਰਾਂ ਨੇ ਸਮਝਿਆ, ਰਾਗ ਜਮਿਆ ਨਹੀਂ ਤਾਂ ਹੀ ਲੋਕ ਉਤਾਵਲੇ ਹੋ ਉਠੇ ਹਨ। ਉਸਨੇ ਤਬਲੇ ਵਾਲੇ ਨੂੰ ਪੁਛਿਆ: ਤੂੰ ਕੀ ਵਜਾ ਰਿਹਾ ਹੈ ?

"ਤਿੰਨ ਤਾਲ।"

'ਗਵੱਯੇ' ਨੇ ਝਿੜਕਿਆ: ਮੈਂ ਕਹਾਂ ਰਾਗ ਜੰਮਦਾ ਕਿਉਂ ਨਹੀਂ! ਮੈਂ ਮਾਲਕੌਂਸ ਗਾ ਰਿਹਾ ਹਾਂ, ਤੂੰ ਤਿੰਨ ਤਾਲ ਵਜਾ ਰਿਹਾ ਹੈਂ ?

ਮੂਰਖ ਕਿਸੇ ਥਾਂ ਦਾ, ਸਭਾ ਉਤਾਵਲੀ ਕਿਉਂ ਨ ਹੋਵੇ।

*—ਪ੍ਰੀਤਮ ਸਿੰਘ ਕਵੀ ਲਿਖਤ*

*"ਬੀਤੇ ਦੀਆਂ ਪੈੜਾਂ" ਵਿਚੋਂ*



Sri Satguru Jagjit Singh Ji eLibrary NamdhariElibrary@gmail.com

Our Motto : Best Quality of the Day

# High Class Gun Manufacturers

## Single & Double Barrels



# 12-Bore GUNS

## Free India Gun Manufacturers

**Prop. S. KARTAR SINGH (Jammu-Wale)**

6, Industrial Estate, Ashok Nagar,
JAMMU CANTT-3
Ph. : 433810

*Sister Concern :*

**M/S. KARTAR SINGH**
**ARMS & AMMUNITION DEALERS**



Sri Satguru Jagjit Singh Ji eLibrary NamdhariElibrary@gmail.com

# ਵਰਧਾ ਯਾਤਰਾ*

—ਜਗਦੀਸ਼ ਸਿੰਘ

ਸੰਨ ੧੯੫੪-੫੬ ਨੂੰ ਕਾਲਜ ਵਿਚ ਪੜ੍ਹਦਿਆਂ ਵਿਨੋਬਾ ਭਾਵੇ ਦੀ ਭੂ-ਦਾਨ ਮੁਹਿਮ ਦਾ ਚਰਚਾ ਸੁਣਿਆ ਸੀ। ਇਸ ਤਪੱਸਵੀ ਸੰਤ ਵਲੋਂ ਭੂਮੀ ਇੰਕਲਾਬ ਲਿਆਉਣ ਦੀ ਜਗਿਆਸਾ ਅਤੇ ਪੈਦਲ ਸਾਰਾ ਹਿੰਦੁਸਤਾਨ ਗਾਹੁਣ ਦੀ ਚਰਚਾ ਨਿਸਚੇ ਹੀ ਬਹੁਤ ਵੱਡੀ ਖ਼ਬਰ ਸੀ। ਮਹਾਤਮਾ ਗਾਂਧੀ ਦੇ ਇਸ ਪ੍ਰਮੁੱਖ ਚੇਲੇ ਵਲੋਂ ਗਾਂਧੀਵਾਦੀ ਤਰੀਕੇ ਨਾਲ ਪੈਦਲ ਮਾਰਚ ਕੀਤਾ ਜਾਂਦਾ ਅਤੇ ਵੱਡੇ ਵੱਡੇ ਜ਼ਿਮੀਂਦਾਰਾਂ ਨੂੰ ਭੂਮੀ ਦਾਨ ਕਰਨ ਵਾਸਤੇ ਪ੍ਰੇਰਿਆ ਜਾਂਦਾ। ਖਬਰਾਂ ਸਨ ਕਿ ਲੱਖਾਂ ਏਕੜ ਜ਼ਮੀਨ ਇਵੇਂ ਦਾਨ ਵਿਚ ਪ੍ਰਾਪਤ ਕਰਕੇ ਵੰਡੀ ਜਾ ਚੁੱਕੀ ਹੈ। ਸੰਤ ਵਿਨੋਬਾ ਦੀ ਇਸ ਤਹਿਰੀਕ ਵਿਚ ਜੈ ਪ੍ਰਕਾਸ਼ ਨਰਾਇਣ ਵਰਗੇ ਨੇਤਾ ਵੀ ਖਿੱਚੇ ਗਏ ਸਨ ਅਤੇ ਬੜਾ ਚਿਰ ਭੂ-ਦਾਨ ਤਹਿਰੀਕ ਵਿਚ ਕੰਮ ਕਰਦੇ ਰਹੇ।

ਕੁਝ ਸਾਲਾਂ ਬਾਅਦ ਫਿਰਦੇ ਫਿਰਾਂਦੇ ਵਿਨੋਬਾ ਜੀ ਜਲੰਧਰ ਵੀ ਆਏ ਸਨ ਅਤੇ ਸ਼ਹਿਰ ਦੇ ਵੱਖ ਵੱਖ ਥਾਵਾਂ ਤੇ ਉਹਨਾਂ ਦੇ ਪ੍ਰਵਚਨ ਹੋਏ ਸਨ। ਮੰਡੀ ਫੈਂਟਨ ਗੰਜ ਵਿਚ ਉਹਨਾਂ ਦੇ ਦਰਸ਼ਨ ਕੀਤੇ ਸਨ। ਸੁਕਾ ਜਿਹਾ ਅਕਿਹਰਾ ਸਰੀਰ, ਤੇੜ ਲੰਗੋਟੀ, ਥੋੜ੍ਹੀ ਥੋੜ੍ਹੀ ਦਾੜ੍ਹੀ। ਧੁੱਪਾਂ ਵਿਚ ਤੁਰ ਤੁਰ ਕੇ ਸਖਤ ਹੋਇਆ ਮਾਸ। ਉਹ ਤਕਰੀਰ ਕਰ ਰਹੇ ਸਨ ਅਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਜਪੁਜੀ ਸਾਹਿਬ ਵਿਚੋਂ ਪੌੜੀਆਂ ਦੀਆਂ ਪੌੜੀਆਂ ਜ਼ਬਾਨੀ ਸੁਣਾ ਰਹੇ ਸਨ। ਲਾਊਡਸਪੀਕਰ ਕੋਈ ਨਹੀਂ ਸੀ ਲਗਾਇਆ ਗਿਆ। ਦੱਸਿਆ ਗਿਆ ਕਿ ਬਾਬਾ ਲਾਊਡਸਪੀਕਰ ਦੇ ਖਿਲਾਫ ਹਨ। ਵਿਨੋਬਾ ਦੀਆਂ ਵਿਦਵਤਾ ਦੀਆਂ ਧੁੰਮਾਂ ਪਈਆਂ ਹੋਈਆਂ ਸਨ। ਪੰਜਾਬ ਵਿਚੋਂ ਭੂ-ਦਾਨ ਤਹਿਰੀਕ ਨੂੰ ਕੋਈ ਹੁੰਗਾਰਾ ਨਹੀਂ ਸੀ ਮਿਲਿਆ। ਅੱਗੇ ਹੀ ਲੋਕਾਂ ਕੋਲ ਜ਼ਮੀਨ ਥੋੜ੍ਹੀ ਸੀ।

ਮਹਾਰਾਸ਼ਟਰ ਵਿਚ ਵਿਨੋਬਾ ਭਾਵੇ ਦਾ ਪਵਨਾਰ ਆਸ਼ਰਮ ਸੰਸਾਰ ਪ੍ਰਸਿੱਧੀ ਪ੍ਰਾਪਤ ਕਰ ਚੁੱਕਾ ਹੈ। ਵਿਨੋਬਾ ਜੀ ਦੀ ਸੰਸਥਾ ਸਰਵੋਦਯ ਸੰਘ ਦੀਆਂ ਸਾਰੇ ਦੇਸ਼ ਵਿਚ ਬਰਾਂਚਾਂ ਹਨ। ਇਹ ਪੁਸਤਕਾਂ ਵੀ ਛਾਪਦੇ ਹਨ, ਕਤਾਈ ਵੀ ਕਰਦੇ ਹਨ ਅਤੇ ਗਾਂਧੀ ਜੀ ਦੇ ਅਸੂਲਾਂ ਤੇ ਚਲਣ ਦਾ ਜਤਨ ਕਰਦੇ ਹਨ। ਪੰਜਾਬ ਵਿਚ ਇਸ ਸੰਸਥਾ ਦੇ ਪ੍ਰਧਾਨ ਸ: ਉਜਾਗਰ ਸਿੰਘ ਬਿਲਗਾ ਹਨ ਜਿਹੜੇ ਫਿਲੌਰ ਵਿਚ ਨਿਵਾਸ ਰੱਖਦੇ ਹਨ, ਇਕ ਪਰਚਾ ਸਰਵੋਦੇ ਸੰਸਾਰ ਕੱਢਦੇ ਹਨ। ਸਰਵੋਦੇ ਪ੍ਰੋਗਰਾਮ ਅਤੇ ਸ਼ਾਂਤੀ ਸੈਨਾਂ ਦੇ ਕੰਮਾਂ ਵਿਚ ਅੱਗੇ ਹੁੰਦੇ ਹਨ।

ਪਵਨਾਰ ਆਸ਼ਰਮ ਵਿਚ ਪ੍ਰਧਾਨ ਮੰਤਰੀ ਤੋਂ ਲੈ ਕੇ ਦੇਸ਼ ਵਿਦੇਸ਼ ਦੇ ਉੱਘੇ ਨੇਤਾ ਜਾ ਚੁੱਕੇ ਹਨ। ਵਿਨੋਬਾ ਜੀ ਦੀ ਮਾਮੂਲੀ ਹਿਲਜੁਲ ਤੋਂ ਸਮੁੱਚੇ ਦੇਸ਼ ਵਿਚ ਤਾਰਾਂ ਹਿਲ ਜਾਂਦੀਆਂ ਹਨ। ਪਿੱਛੇ ਜਿਹੇ ਗਊ ਰਖਿਆ ਦੇ ਸਵਾਲ ਤੇ ਉਹਨਾਂ ਮਰਨ ਵਰਤ ਦਾ ਐਲਾਨ ਕੀਤਾ ਸੀ ਤਾਂ ਸਭ ਪਾਸੇ ਭੂਚਾਲ ਆ ਗਿਆ ਸੀ। ਐਸ ਵੇਲੇ ਵਿਨੋਬਾ ਬਹੁਤ ਬਿਰਧ ਹਨ ਅਤੇ ਸੁਨਣਾ ਵੀ ਬੰਦ ਹੋ ਗਿਆ ਹੈ। ਉਸ ਸੰਤ ਦੇ ਆਸ਼ਰਮ ਵਿਚ ਦੋ ਦਿਨ ਰਹਿਣ ਦਾ ਮੌਕਾ ਮਿਲਿਆ ਹੈ।

ਤੱਪਾ ਮੰਡੀ ਵਿਚ ਸਾਹਿਤ ਸਭਾ ਤੱਪਾ ਵਲੋਂ ਸੰਤ ਇੰਦਰ ਸਿੰਘ ਚਕ੍ਰਵਰਤੀ ਐਵਾਰਡ ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਸ: ਬਰਜਿੰਦਰ ਸਿੰਘ ਨੂੰ ਦਿੱਤਾ ਗਿਆ। ਉਸ ਸਮਾਗਮ ਤੇ ਗਿਆਨੀ ਸ੍ਰੀ ਪ੍ਰੀਤਮ ਸਿੰਘ ਕਵੀ ਜੀ ਨੇ ਦੱਸਿਆ ੨੫-੨੬-੨੭ ਦਸੰਬਰ ੧੯੮੧ ਨੂੰ ਪਵਨਾਰ ਵਿਚ ਇਕ ਗਊ ਰਖਿਆ ਕਾਨਫਰੰਸ ਹੋ ਰਹੀ ਹੈ। ਜਿਸ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਨੂੰ ਸਦਿਆ ਗਿਆ ਹੈ। ਆਪ ਜੀ ਇਸ ਕਾਨਫਰੰਸ ਵਿਚ ਖੁਦ ਨਹੀਂ ਜਾ ਰਹੇ ਪਰ ਚਾਰ ਵਿਅਕਤੀਆਂ ਦਾ ਇਕ ਡੈਲੀਗੇਸ਼ਨ ਭੇਜ ਰਹੇ ਹਨ ਉਸ ਵਿਚ ਤੁਸੀਂ (ਜਗਦੀਸ਼ ਸਿੰਘ) ਵੀ ਸ਼ਾਮਲ ਹੋ ਇਸ ਵਾਸਤੇ ਦਿੱਲੀ ਪੁਜ ਜਾਵੋ ਅੱਗੇ ਸੀਟਾਂ ਬੁਕ ਹਨ।

ਸ੍ਰੀ ਪ੍ਰੀਤਮ ਸਿੰਘ ਕਵੀ, ਮਹੰਤ ਆਤਮਾ ਸਿੰਘ ਸਨਖਤਰਾ, ਦਲੀਪ ਸਿੰਘ ਲੁਧਿਆਣਾ ਅਤੇ ਜਗਦੀਸ਼ ਸਿੰਘ ਤੇ ਆਧਾਰਤ ਇਸ ਡੈਲੀਗੇਸ਼ਨ ਨੂੰ ਜਦੋਂ ਰੇਲਵੇ ਰੀਜ਼ਰਵੇਸ਼ਨ ਵਿਚ ਗੜਬੜੀ ਹੋ ਜਾਣ ਕਾਰਨ ੨੩ ਦਸੰਬਰ ਦੀ ਸ਼ਾਮ ਨੂੰ ਨਵੀਂ ਦਿੱਲੀ ਰੇਲਵੇ ਸਟੇਸ਼ਨ ਤੋਂ ਵਾਪਸ ਮੁੜਨਾ ਪਿਆ ਤਾਂ ਸਮਝਿਆ ਗਿਆ ਸੀ ਕਿ ਪਵਨਾਰ ਯਾਤਰਾ ਕੈਂਸਲ ਹੋ ਗਈ ਹੈ। ਜਦੋਂ ੨੪ ਤਾਰੀਖ ਨੂੰ ਵਾਪਸ ਘਰਾਂ ਨੂੰ ਤਿਆਰੀ ਹੋ ਰਹੀ ਸੀ ਤਾਂ ਰੇਲਵੇ ਇੰਚਾਰਜ ਸ੍ਰ: ਹਰਮੀਤ ਸਿੰਘ ਨੇ ਚੌਹਾਂ ਡੈਲੀਗੇਟਾਂ ਨੂੰ ਵੱਖੋ ਵੱਖ ਥਾਵਾਂ ਤੋਂ ਪੈਕ ਕੀਤਾ ਤੇ ਜਾ ਗੱਡੀ ਚੜ੍ਹਾਇਆ। ਅਖੇ ਰਾਤ ਭੂਪਾਲ ਕੱਟ ਲਿਓ ਤੇ ਕਲ੍ਹ ਸਵੇਰੇ ਹੋਰ ਰੇਲ ਫੜ ਕੇ ਨਾਗਪੁਰ ਚਲੇ ਜਾਇਓ। ਅਗੋਂ ਗੁਰੂ ਭਲੀ ਕਰੇਗਾ।

"ਚਾਰ ਸਿੰਘ ਭੂਪਾਲ ਆ ਰਹੇ ਹਨ। ਉਹਨਾਂ ਦੀ ਚੰਗੀ ਤਰ੍ਹਾਂ ਸੇਵਾ ਕਰਿਓ" ਟੈਲੀਫੋਨ ਤੇ ਦਿੱਲੀਓਂ ਭੂਪਾਲ ਸੂਚਨਾ ਦਿੱਤੀ ਗਈ। ਅਸੀਂ ਰਾਤ ਨੂੰ ਭੂਪਾਲ ਸਟੇਸ਼ਨ ਤੇ ਰੁਕਦੀ ਗੱਡੀ ਤੋਂ ਆਪਣੇ ਠਹਿਰਣ ਬਾਰੇ ਅਜੇ ਅਟਕਲਾਂ ਲਾ ਹੀ ਰਹੇ

ਨੋਟ—ਇਹ ਲੇਖ ਵਰਿਆਮ ਦੇ ਜੂਨ ੧੯੮੨ ਅੰਕ ਵਿਚ ਛਪਿਆ ਸੀ।



Sri Satguru Jagjit Singh Ji eLibrary NamdhariElibrary@gmail.com

ਸਾਂ ਕਿ ਚਿੱਟੀਆਂ ਨਾਮਧਾਰੀ ਸਿਧੀਆਂ ਦਸਤਾਰਾਂ ਨਜ਼ਰ ਪਈਆਂ। ਇਹ ਸਨ ਸ: ਅਤਿੰਦਰਪਾਲ ਸਿੰਘ ਨਾਮਧਾਰੀ ਟੈਂਟ ਹਾਊਸ ਵਾਲੇ ਤੇ ਉਹਨਾਂ ਦੇ ਛੋਟੇ ਵੀਰ।

ਸਾਨੂੰ ਵੇਖ ਕੇ ਹੀ ਉਹਨਾਂ ਨੂੰ ਪਤਾ ਲੱਗਾ ਸੀ ਕਿ ਕਿਹੜੇ ਸਿੰਘ ਆ ਰਹੇ ਹਨ। ਮੱਧ ਪ੍ਰਦੇਸ਼ ਦੀ ਰਾਜਧਾਨੀ ਭੂਪਾਲ ਇਕ ਰਾਤ ਹੀ ਰਹੇ ਪਰ ਉਹਨਾਂ ਨੇ ਆਪਣੀ ਕਾਰ ਦੁਆਰਾ ਸੈਰ ਵੀ ਕਰਵਾਈ ਅਤੇ ਸਾਰੀ ਰਾਤ ਦਾ ਸਤਿਸੰਗ ਵੀ ਚਲਿਆ। ਜੇ ਗੁਰੂ ਕਿਆਂ ਦਾ ਹੁਕਮ ਨਾ ਹੁੰਦਾ ਤਾਂ ਕਿਨੇ ਜਾਣ ਦੇਣਾ ਸੀ ਤੇ ਕੌਣ ਜਾਣ ਲਈ ਤਿਆਰ ਸੀ। ਸਾਡੇ ਸਨਮਾਨ ਵਿਚ ਫਾਵਾ ਹੋਇਆ ਅਤਿੰਦਰਪਾਲ ਸਿੰਘ ਦਾ ਪਰਿਵਾਰ ਸੇਵਾ ਦੀਆਂ ਰੀਝਾਂ ਲਾਹ ਰਿਹਾ ਸੀ। ਸਵੇਰੇ ਜਦੋਂ ਉਹਨਾਂ ਸਾਨੂੰ ਨਾਗਪੁਰ ਦੀ ਗੱਡੀ ਚੜ੍ਹਾਇਆ ਤਾਂ ਵਾਪਸੀ ਰੁਕਣ ਦਾ ਵਾਇਦਾ ਵੀ ਲਿਆ।

ਅਗੋਂ ਦਲੀਪ ਸਿੰਘ ਦੀ ਪੇਸ਼ੀਨਗੋਈ ਚਲਦੀ ਸੀ। ਹੁਣ ਗੱਡੀ ਰੁਕੇਗੀ। ਹੁਣ ਸਾਗਵਾਨ ਦੇ ਜੰਗਲ ਆਉਣਗੇ। ਹੁਣ ਸੰਤਰੇ ਆਉਣਗੇ। ਤੇ ਸਚਮੁਚ ਹੀ ਹਜ਼ਾਰਾਂ ਫੁਟ ਡੂੰਘੀਆਂ ਜੰਗਲੀ ਖਾਈਆਂ ਸਾਗਵਾਨ ਦੇ ਬਿਰਖਾਂ ਦੀਆਂ ਆਈਆਂ ਤੇ ਸੰਤਰੇ ਵੀ। ਗੱਡੀ ਖਲੋਤੀ ਤਾਂ ਬਾਗਾਂ ਵਿਚੋਂ ਟੋਕਰੀਆਂ ਦੀਆਂ ਟੋਕਰੀਆਂ ਸੰਤਰਿਆਂ ਦੀਆਂ ਮੁੰਡੇ ਲਿਆ ਰੱਖਦੇ। ਸਸਤੇ ਮਿੱਠੇ ਸਵਾਦੀ, ਨਾਗਪੁਰ ਦੇ ਸੰਤਰੇ। ਜਿੰਨੇ ਮਰਜ਼ੀ ਖਾਓ ਸਭ ਹਜ਼ਮ। ਤੇ ਫੇਰ ਕਵੀ ਜੀ ਦੀਆਂ ਨਿੱਕੀਆਂ ਨਿੱਕੀਆਂ ਮਿੱਠੀਆਂ ਮਿੱਠੀਆਂ ਤੇ ਸਿਆਣੀਆਂ ਗੱਲਾਂ, ਅਨੁਭਵਾਂ ਨੂੰ ਜਿਊਂਦੀਆਂ ਮਹੰਤ ਆਤਮਾ ਸਿੰਘ ਦੀਆਂ ਚਮਕਦੀਆਂ ਵਿਸਮਾਦੀ ਅੱਖਾਂ ਅਤੇ ਕਿਸੇ ਅਨੰਤ ਸੁਆਦ ਦੇ ਨਕਸ਼ੇ ਬਣਾਉਂਦੀਆਂ ਮਥੇ ਦੀਆਂ ਲਕੀਰਾਂ, ਦਲੀਪ ਸਿੰਘ ਦੀ ਸਤਿਗੁਰੂ ਮਹਿਮਾ ਵਿਚ ਹਿਲਦੀ ਸੁਰਾਹੀਦਾਰ ਧੌਣ, ਭਖਦੀਆਂ ਗੱਲਾਂ ਤੇ ਫਰਾਟੇ ਮਾਰਦੇ ਮੁਛਹਿਰੇ ਅਤੇ ਸਾਰੇ ਡੱਬੇ ਵਿਚ ਗੂੰਜਦੀ ਠਹਾਕੇਦਾਰ ਹਾਸਿਆਂ ਦੀ ਛਣਕਾਰ ਜੰਗਲਾਂ ਨੂੰ ਚੀਰਦੀ ਗੱਡੀ ਦੇ ਸੰਗੀਤ ਵਿਚ ਰਲ ਕੇ ਇਕ ਮਾਨ ਮਤੀ ਸਰੂਰੀ ਫਿਜ਼ਾ ਨੂੰ ਸਿਰਜ ਰਹੇ ਸਨ। ਖਾਂਦਿਆਂ ਪੀਂਦਿਆਂ ਨਜ਼ਾਰੇ ਮਾਣਦਿਆਂ ਧਰਮ, ਇਤਿਹਾਸ ਅਤੇ ਸਾਹਿਤ ਤੇ ਗੱਲਾਂ ਕਰਦਿਆਂ ਪਤਾ ਹੀ ਨਾ ਲੱਗਾ ਕਿ ਕਿਹੜੇ ਵੇਲੇ ਗਿਆਰਾਂ ਘੰਟੇ ਦਾ ਸਫਰ ਬਤੀਤ ਹੋਇਆ ਹੈ। ਅਤੇ ਅਸੀਂ ਨਾਗਪੁਰ ਪਹੁੰਚ ਗਏ। ਅਸੀਂ ਨਾਗਪੁਰ ਵਿਚ ਵੀ ਸ਼ਾਹਾਨਾ ਸੁਆਗਤ ਦੀ ਉਮੀਦ ਕਰਦੇ ਸਾਂ ਪਰ ਜਾਪਦਾ ਸੀ ਕਿ ਭੂਪਾਲ, ਦਿੱਲੀ ਤੋਂ ਨਾਗਪੁਰ ਸੰਬੰਧਤ ਵਿਅਕਤੀਆਂ ਨੂੰ ਟੈਲੀਫੋਨ ਨਹੀਂ ਸੀ ਹੋ ਸਕਿਆ। ਇਕ ਗੱਡੀ ਨਾਗਪੁਰ ਵਿਚ ਟੈਲੀਫੋਨ ਕਰਦਿਆਂ ਲੰਘਾ ਕੇ ਅਸੀਂ ੮ ਵਜੇ ਰਾਤ ਜੰਮੂ-ਮਦਰਾਸ ਜਨਤਾ ਐਕਸਪ੍ਰੈਸ ਫੜੀ ਤੇ ੯.੩੦ ਵਜੇ ਵਰਧਾ ਜਾ ਪਹੁੰਚੇ। ਸਾਰਾ ਦਿਨ ਜੋ ਪੇਟ ਪੂਜਾ ਕੀਤੀ ਸੀ, ਉਸ ਕਰਕੇ ਅਸੀਂ ਹੋਰ ਕਿਸੇ ਵੀ ਸੰਭਾਵਤ ਪ੍ਰੇਮਮਈ ਪ੍ਰਾਹੁਣਾਚਾਰੀ ਤੋਂ ਝਿਜਕਦੇ ਸਾਂ ਪਰ ਇਹ ਸਤਿਗੁਰੂ ਹੀ ਜਾਣਦੇ ਸਨ ਕਿ ਹੁਣ ਰੋਟੀ ਅਗਲੀ ਦੁਪਹਿਰ ਨੂੰ ਹੀ ਮਿਲਣੀ ਸੀ। ਜੇ ਅਸੀਂ ਪਹਿਲੇ ਪ੍ਰੋਗਰਾਮ ਅਨੁਸਾਰ ਪਹੁੰਚਦੇ ਤਾਂ ਅੱਜ ਵਰਧਾ ਵਿਚ ਕਾਨਫਰੰਸ ਦਾ ਉਦਘਾਟਨ ਵੀ ਵੇਖਣਾ ਸੀ ਤੇ ਨਾਲੇ ਸਰਹੱਦੀ ਗਾਂਧੀ ਖਾਨ ਅਬਦੁਲ ਗੁਫਾਰ ਖਾਂ ਦੇ ਦਰਸ਼ਨ ਵੀ ਕਰਨੇ ਸਨ ਜੋ ਅੱਜ ਕਲ੍ਹ ਭਾਰਤ ਆਏ ਹੋਏ ਸਨ ਅਤੇ ਵਰਧਾ ਗੋਰੱਖਿਆ ਸੰਮੇਲਨ ਦਾ ਉਦਘਾਟਨ ਕਰ ਰਹੇ ਸਨ।

ਥੋੜ੍ਹੀ ਦੇਰ ਪੁਛ ਪੁਛਾ ਬਸ ਦੀ ਉਡੀਕ ਕੀਤੀ ਪਵਨਾਰ ਆਸ਼ਰਮ ਵਿਚ ਟੈਲੀਫੋਨ ਕਰਨ ਉਪਰੰਤ ਅਸੀਂ ਰਿਕਸ਼ੇ ਕਰਕੇ ੧੦ ਕਿਲੋਮੀਟਰ ਤੇ ਬਣੇ ਦੱਤਾ ਆਸ਼ਰਮ ਵਿਚ ਮਸਿਆ ਦੀ ਕਾਲੀ ਬੋਲੀ ਰਾਤ ਵਿਚ ਪਹੁੰਚੇ ਜਿਥੇ ਸੌਂਦਿਆ ਰਾਤ ਦੇ ਬਾਰਾਂ ਵਜ ਗਏ।

ਕਾਨਫਰੰਸ ਵਿਚ ਆਏ ਕੁਝ ਡੈਲੀਗੇਟ ਇਥੇ ਠਹਿਰ ਹੋਏ ਸਨ। ਡੈਲੀਗੇਟਾਂ ਦਾ ਮੁਖ ਭਾਗ ਪਵਨਾਰ ਆਸ਼ਰਮ ਵਿਚ ਸੀ ਕਾਨਫਰੰਸ, ਨਾਸ਼ਤਾ ਅਤੇ ਲੰਗਰ ਦਾ ਸਾਰਾ ਪ੍ਰਬੰਧ ਵੀ ਪਵਨਾਰ ਵਿਚ ਹੀ ਸੀ ਅਤੇ ਦੱਤਾਪੁਰ-ਪਵਨਾਰ ਵਿਚ ਸਪੈਸ਼ਲ ਬਸਾਂ ਸਵਾਰੀਆਂ ਲੈ ਜਾਂਦੀਆਂ ਸਨ। ਉਂਜ ਦੱਤਪੁਰ ਤੇ ਪਵਨਾਰ ਵਰਧਾ ਤੋਂ ਨਾਗਪੁਰ ਜਾਂਦੀ ਸੜਕ ਉੱਤੇ ਸਨ ਜਿਸ ਕਾਰਨ ਰੈਗੂਲਰ ਬਸਾਂ ਰਾਹੀਂ ਵੀ ਪੁਜਿਆ ਜਾ ਸਕਦਾ ਸੀ।

ਸਵੇਰ ਦੇ ਇਸ਼ਨਾਨ ਵਾਸਤੇ ਵਧੀਆ ਇੰਤਜ਼ਾਮ ਸੀ। ਫਲੱਸ਼ ਟੱਟੀਆਂ ਦਾ ਪ੍ਰਬੰਧ ਸੀ। ਵੱਡੇ ਪਾਈਪ ਨਾਲ ਬਹੁਤ ਸਾਰੀਆਂ ਟੂਟੀਆਂ ਲਾ ਕੇ ਨਹਾਉਣ ਅਤੇ ਕੱਪੜੇ ਧੋਣ ਦੀ ਸੁਵਿਧਾ ਸੀ। ਲੋਹੇ ਦੇ ਵੱਡੇ ਕੜਾਹਿਆਂ ਹੇਠ ਅੱਗ ਬਾਲ ਕੇ ਪਾਣੀ ਗਰਮ ਕੀਤਾ ਹੋਇਆ ਸੀ। ਜਿਸ ਨੇ ਪਾਣੀ ਗਰਮ ਵਰਤਣਾ ਹੋਵੇ ਉਹ ਉਥੋਂ ਲੈ ਲਵੇ। ਆਸ਼ਰਮ ਵਿਚ ਠਹਿਰਨ ਵਾਲੇ ਸਾਰੇ ਹੀ ਸਰਵੋਦਯ ਵਰਕਰ ਤੇ ਲੀਡਰ ਸਨ। ਸਵੇਰੇ ਉਠ ਕੇ ਪ੍ਰਨਾਯਾਮ, ਆਸਨ ਅਤੇ ਪ੍ਰਭੂ ਸਿਮਰਨ, ਪਾਠ ਪੂਜਾ ਕਰਦੇ ਰਹੇ। ਖਾਦੀ ਦੇ ਖੁੱਲ੍ਹੇ ਖੁਲ੍ਹੇ ਕੱਪੜੇ ਤੇ ਗਲਾਂ ਵਿਚ ਝੋਲੇ ਲਟਕਾਏ। ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚੋਂ ਆਏ ਸਨ। ਹੁਣ ਦਿਨ ਚੜ੍ਹਿਆ ਸਾਨੂੰ ਇਕ ਵੇਸ ਭੂਸ਼ਾ ਵਾਲਿਆਂ ਨੂੰ ਕੁਝ ਉਤਸਕਤਾ ਕੁਝ ਦਸਦੀਆਂ ਪੁਛਦੀਆਂ ਅੱਖਾਂ ਨਾਲ ਘੋਖ ਰਹੇ ਸਨ।

੨੯ ਦਸੰਬਰ ਦੀ ਹਲਕੀ ਹਲਕੀ ਠੰਡ ਵਿਚ ਸੂਰਜ ਦਾ ਸੁਨਹਿਰੀ ਚਾਨਣ ਮਿੱਠਾ ਮਿੱਠਾ ਲੱਗ ਰਿਹਾ ਸੀ। ਇਸ ਵੇਲੇ ਅਸੀਂ ਆਲੇ ਦੁਆਲੇ ਝਾਤ ਪਾਈ ਤਾਂ ਕੁਸ਼ਟੀ ਆਸ਼ਰਮ ਅਤੇ ਹੋਰ ਟੈਕਨੀਕਲ ਆਸ਼ਰਮਾਂ ਦੀ ਸਾਦਗੀ ਭਰੀ ਸਫਾਈ ਨੇ ਮਨ ਨੂੰ ਬਹੁਤ ਮੋਹਿਆ। ਏਕਾਂਤ ਅਤੇ ਸਵੱਛਤਾ ਦਾ ਪ੍ਰਭਾਵ ਸੀ।



Sri Satguru Jagjit Singh Ji eLibrary NamdhariElibrary@gmail.com

ਯਾਤਰੂ ਲੈਣ ਵਾਸਤੇ ਆਈ ਵਿਸ਼ੇਸ਼ ਬੱਸ ਤੇ ਸੁਆਰੀਆਂ ਆ ਕੇ ਬੈਠ ਰਹੀਆਂ ਸਨ। ਅੰਦਰ ਬਹੁਤ ਹੀ ਮਿੱਠੀ ਧੁਨੀ ਹਰਿ ਨਾਮ ਦੀ ਲੱਗੀ ਸੀ। ਇਕ ਬਹੁਤ ਹੀ ਸੁੰਦਰ ਤੇ ਸੁਰੀਲੀ ਆਵਾਜ਼ ਵਾਲੇ ਮਹਾਂ ਪੁਰਖ ਮਸਤੀ ਵਿਚ ਪਹਿਲੋਂ ਗਾਉਂਦੇ,

ਹੋ ਰਾਮਾ, ਹੋ ਰਾਮਾ ਓਂਕਾਰ ਰਾਮਾ।

ਸ੍ਰੀ ਰਾਮਾ, ਜੈ ਰਾਮਾ, ਜਯ ਜਯ ਰਾਮਾ

ਤੇ ਮਗਰ ਪਚੀ ਤੀਹ ਵਿਅਕਤੀ ਉਸੇ ਸੁਰ ਤੇ ਮਸਤੀ ਵਿਚ ਗਾਉਂਦੇ। ਹੱਥ ਦੀਆਂ ਤਲੀਆਂ ਨਾਲ ਤਬਲੇ ਵਾਂਗ ਇਕ-ਤਾਲ ਦਾ ਤਾਲ ਦਿੰਦੇ। ਨਾ ਲੈਅ ਵਧਦੀ ਨਾ ਘੱਟਦੀ।

ਮੁਖ ਗਾਇਕ ਕਦੀ ਕਦੀ ਤੁਕ ਬਦਲ ਦਿੰਦਾ ਜਿਵੇਂ ਅਗਿਅਨ ਹਰ ਰਾਮਾ, ਪਰੀ ਪੂਰਨ ਰਾਮਾ, ਨਮੋ ਨਮੋ ਰਾਮਾ। ਜਿਵੇਂ ਕੁਸ਼ਲ ਕਲਾਕਾਰ ਸਥਾਈ ਨਾਲ ਤਾਨਾਂ ਪਲਟੇ ਗਾਉਂਦਾ ਹੈ ਇਵੇਂ ਹੀ ਉਹ ਸੁਰਾਂ ਵਿਚ ਸ਼ਬਦਾਂ ਨੂੰ ਗੁੰਦਦਾ, ਬਦਲਦਾ ਜਿਸ ਨਾਲ ਉਚਾਰਨ ਦੀ ਸੁੰਦਰਤਾ ਹੋਰ ਵੀ ਨਿਖਰਦੀ। ਮਸਤ ਫੱਕਰ ਤਬੀਅਤ ਦਾ ਪੜ੍ਹਿਆ ਲਿਖਿਆ ਚਿਤਰ ਦੇਉ, ਦੌੜਾ ਆਇਆ ਤੇ ਧੁਨੀ ਵਿਚ ਅੱਖਾਂ ਮੁੰਦ ਕੇ ਸ਼ਾਮਲ ਹੋ ਗਿਆ। ਇਹ ਇਥੇ ਹੀ ਪ੍ਰਮੁੱਖ ਸੇਵਕ ਹੈ ਅਤੇ ਰਾਤ ਤੋਂ ਲੈ ਕੇ ਹੁਣ ਤੱਕ ਇਸ ਨੇ ਸਾਡਾ ਬਹੁਤ ਖਿਆਲ ਰਖਿਆ ਸੀ।

ਇਸੇ ਸੰਗੀਤਮਈ ਵਾਤਾਵਰਣ ਵਿਚ ਬੱਸ ਅਛੋਪਲੇ ਜਿਹੇ ਚਲ ਪਈ। ਕੀਰਤਨ ਦੀ ਧੁਨ ਜਾਰੀ ਰਹੀ ਹਰੇ ਭਰੇ ਖੇਤਾਂ ਤੋਂ ਪਾਰ ਦੂਰ ਰੇਲਵੇ ਦੀ ਲਾਈਨ ਦੀ ਮਹੀਨ ਲਕੀਰ ਦਿਸਦੀ ਸੀ ਤੇ ਪਾਰ ਗਾਂਧੀ ਜੀ ਦੇ ਸੇਵਾਗਰਾਮ ਨਗਰੀ ਦੀਆਂ ਬੱਤੀਆਂ ਦੇ ਖੰਬੇ।

ਧਾਮ ਨਦੀ ਤੇ ਇਕ ਛੋਟਾ ਜਿਹਾ ਪੁਲ ਪਾਰ ਕਰ ਕੇ ਬੱਸ ਨੇ ਖੱਬੇ ਹੱਥ ਮੋੜ ਕੱਟਿਆ। ਫੇਰ ਅੱਗੇ ਜਿਹੇ ਜਾ ਕੇ ਇਕ ਕੰਕਰੀਟ ਦੇ ਬਣੇ ਸਤੰਬ ਦੇ ਦੁਆਲੇ ਘੁਮ ਕੇ ਫੇਰ ਵਾਪਸ ਆ ਗਈ। ਨਦੀ ਦੇ ਕੰਢੇ ਤੇ ਹੀ ਬਣੇ ਪਵਨਾਰ ਆਸ਼ਰਮ ਦੇ ਗੇਟ ਤੇ ਬੱਸ ਆ ਰੁਕੀ। ਅੰਦਰੋਂ ਪ੍ਰੋਗਰਾਮ ਦੀ ਆਵਾਜ਼ ਲਾਊਡਸਪੀਕਰ ਤੇ ਆ ਰਹੀ ਸੀ। ਪ੍ਰਾਨਾਯਾਮ ਤੇ ਭਾਸ਼ਨ ਹੋ ਰਿਹਾ ਸੀ। ਪਰ ਸਾਡੇ ਪਹੁੰਚਦਿਆਂ ਭਾਸ਼ਨ ਸਮਾਪਤ ਹੋ ਗਿਆ ਸੀ।

ਸ੍ਰੀ ਰਾਧਾ ਕ੍ਰਿਸ਼ਨ ਬਜਾਜ, ਜੋ ਬਜਾਜ ਪਰਿਵਾਰ ਦੇ ਖਾਸ ਰੁਕਣ ਹਨ ਸਭ ਤੋਂ ਪਹਿਲਾਂ ਮਿਲੇ। ਬਜਾਜ ਪਰਿਵਾਰ ਸਾਰਾ ਹੀ ਵਿਨੋਬਾ ਜੀ ਦਾ ਭਗਤ ਹੈ। ਸ੍ਰੀ ਜਮਨਾ ਦਾਸ ਬਜਾਜ ਨੂੰ ਤਾਂ ਮਹਾਤਮਾ ਗਾਂਧੀ ਨੇ ਆਪਣਾ ਚੌਥਾ ਪੁੱਤਰ ਬਣਾਇਆ ਹੋਇਆ ਸੀ ਤੇ ਉਹਨਾਂ ਕਰਕੇ ਸਾਲਾਂ ਬੱਧੀ ਗਾਂਧੀ ਜੀ ਵਰਧਾ ਰਹੇ ਅਤੇ ਦੇਸ਼ ਦੀ ਕਿਸਮਤ ਦੇ ਅਹਿਮ ਫੈਸਲੇ ਵਰਧਾ ਵਿਖੇ ਹੁੰਦੇ ਰਹੇ। ਸ੍ਰੀ ਰਾਧਾ ਕ੍ਰਿਸ਼ਨ, ਜਮਨਾ ਦਾਸ ਜੀ ਦੇ ਭਤੀਜੇ ਹਨ ਅਤੇ ਪ੍ਰਮੁੱਖ ਗਊ ਭਗਤ ਹਨ ਅਤੇ ਇਹ ਕਾਨਫਰੰਸ ਵੀ ਉਹਨਾਂ ਦੀ ਬੁਲਾਈ ਸੀ।

ਰਜਿਸਟ੍ਰੇਸ਼ਨ ਆਦਿਕ ਕਰਾਉਂਦਿਆਂ ਨੂੰ ਨਾਸ਼ਤੇ ਦਾ ਵਕਤ ਹੋ ਗਿਆ ਸੀ। ਨਾਸ਼ਤੇ ਵਿਚ ਚਾਹ, ਕਾਫੀ, ਕਾੜ੍ਹਾ, ਤਿੰਨ ਪ੍ਰਕਾਰ ਦੀਆਂ ਪੀਣ ਪਦਾਰਥ ਅਤੇ ਨਾਲ ਕੁਝ ਖਾਣ ਨੂੰ ਹੁੰਦਾ। ਚਾਹ ਕਾਫੀ ਤਾਂ ਸੁਣਿਆ ਸੀ ਪਰ ਕਾੜ੍ਹਾ ਨਵੀਂ ਗੱਲ ਸੀ। ਇਹ ਉਹਨਾਂ ਲੋਕਾਂ ਵਾਸਤੇ ਸੀ ਜਿਹੜੇ ਚਾਹ ਕਾਫੀ ਨਹੀਂ ਨਹੀਂ ਪੀਂਦੇ। ਜਿਵੇਂ ਨਾਮਧਾਰੀਆਂ ਵਿਚ ਚਾਟਾ ਜਾਂ ਮਾਟਾ ਹੁੰਦਾ ਹੈ ਉਵੇਂ ਦੀ ਚੀਜ਼ ਸੀ। ਨਾਸ਼ਤੇ ਬਾਅਦ ਆਪਣੇ ਬਰਤਨ ਸਾਫ ਕਰਕੇ ਸਭ ਨੇ ਰੱਖ ਦਿੱਤੇ।

ਨਾਸ਼ਤੇ ਵਾਸਤੇ ਅਤੇ ਦੁਪਹਿਰ ਸ਼ਾਮ ਤੇ ਲੰਗਰ ਵਾਸਤੇ ਇਹ ਪ੍ਰਬੰਧ ਸੀ ਕਿ ਤਿੰਨ ਵੱਡਿਆਂ ਮੇਜ਼ਾਂ ਤੇ ਤਿੰਨ ਗਰੁੱਪ ਵਰਤਾਵਿਆਂ ਦੇ ਖਲੋ ਜਾਂਦੇ, ਤਿਆਰ ਲੰਗਰ ਲੈ ਕੇ। ਛੱਕਣ ਵਾਲਿਆਂ ਦੀਆਂ ਤਿੰਨ ਲਾਈਨਾਂ ਲੱਗ ਜਾਂਦੀਆਂ। ਹਰ ਮੇਜ਼ ਨੂੰ ਇਕ ਲਾਈਨ ਜਾਂਦੀ। ਆਪਣੇ ਨੰਬਰ ਤੇ ਜਦ ਕੋਈ ਵਿਅਕਤੀ ਮੇਜ ਕੋਲ ਪਹੁੰਚਦਾ ਤਾਂ ਪਹਿਲਾ ਸੱਜਨ ਜਾਂ ਬੀਬੀ ਥਾਲੀ ਫੜਾ ਦਿੰਦਾ। ਹੁਣ ਅੱਗੇ ਖਿਸਕੋ। ਦੂਸਰਾ ਵਿਅਕਤੀ ਚੌਲ ਪਾ ਦੇਵੇਗਾ, ਤੀਸਰਾ ਰੋਟੀਆਂ ਰੱਖ ਦੇਵੇਗਾ, ਪੰਜਵਾਂ ਸਬਜ਼ੀ, ਛੇਵਾਂ ਦਾਲ ਸਤਵਾਂ ਦਹੀਂ, ਅੱਠਵਾਂ ਇਕ ਇਕ ਚਮਚ ਘਿਓ ਜਾਂ ਅਗਲਾ ਹਲਵਾ (ਕੜਾਹ) ਤੇ ਫੇਰ ਥਾਲੀ ਲੈ ਕੇ ਵਾਪਸ ਆ ਜਾਵੋ। ਕੁਰਸੀ ਤੇ ਬੈਠ ਕੇ ਮੇਜ਼ ਤੇ ਰੱਖ ਕੇ ਖਾਵੋ। ਜੇ ਹੋਰ ਲੋੜ ਹੈ ਤਾਂ ਜਾ ਕੇ ਲੈ ਆਵੋ। ਪਾਣੀ ਵਾਸਤੇ ਵੱਖਰਾ ਪ੍ਰਬੰਧ। ਖਾ ਕੇ ਆਪਣੇ ਬਰਤਣ ਚੁੱਕੋ। ਥਾਲੀਆਂ ਵਿਚ ਥਾਲੀ ਰੱਖ ਦੇਵੋ, ਕੋਲੀਆਂ ਵਿਚ ਕੋਲੀਆਂ। ਇਥੇ ਹਰ ਕੰਮ ਬਹੁਤ ਜੁਗਤ ਨਾਲ ਹੁੰਦਾ ਸੀ। ਹੱਥ ਧੋਣ ਲਈ ਪਾਈਪ ਨਾਲ ਟੂਟੀਆਂ ਲਾਈਆਂ ਹੋਈਆਂ ਸਨ, ਜਿਨ੍ਹਾਂ ਦਾ ਮੂੰਹ ਸਾਥੋਂ ਦੂਸਰੇ ਪਾਸੇ ਸੀ। ਲੱਤਾਂ ਪੈਰਾਂ ਤੇ ਜ਼ਰਾ ਵੀ ਛਿੱਟਾਂ ਨਾ ਪੈਣ ਇਸ ਵਾਸਤੇ ਖਜੂਰ ਦੀਆਂ ਸਫਾਂ ਚਟਾਈਆਂ ਵਿਚ ਲਾਈਆਂ ਹੋਈਆਂ ਸਨ। ਖਾਣੇ ਸਮੇਂ ਲਊਡਸਪੀਕਰ ਤੋਂ ਇਕ ਵਿਅਕਤੀ ਹਦਾਇਤਾਂ ਦੇਂਦਾ ਰਹਿੰਦਾ। ਸੀਟਾਂ ਪੂਰੀਆਂ ਹਨ ਦਾਖਲਾ ਰੋਕ ਦਿਓ। ਅੰਦਰ ਆਉਣ ਦਿਓ। ਇਸ ਲਾਈਨ ਵਿਚ ਆ ਜਾਵੋ। ਜੇ ਹੋਰ ਕੁਝ ਨਾ ਹੁੰਦਾ ਤਾਂ ਕੋਈ ਭਜਨ ਆਦਿ ਹੀ ਗਾਂਦਾ।

ਪਵਨਾਰ ਆਸ਼ਰਮ ਪੱਕਾ ਆਸ਼ਰਮ ਹੈ। ਮੁੱਖ ਰਸਤੇ ਦੇ ਸੱਜੇ ਪਾਸੇ ਕੁਝ ਕੁਝ ਘਾਹ ਹੈ। ਝੁਗੀਆਂ, ਬੈਰਕਾਂ, ਸਬਜ਼ੀਆਂ ਦੀਆਂ ਕਿਆਰੀਆਂ ਹਨ। ਕਈ ਏਕੜਾਂ ਵਿਚ ਫੈਲੇ ਇਸ ਆਸ਼ਰਮ ਜਿਸ ਦਾ ਨਾਮ ਪਰਮਧਾਮ ਆਸ਼ਰਮ ਹੈ, ਵਿਚ ਇਕ ਬ੍ਰਹਮ ਵਿਦਿਆ ਮੰਦਰ ਹੈ, ਖੇਤ ਹਨ, ਗਊਸ਼ਾਲਾ ਹੈ। ਛਾਪਾ ਖਾਨਾ ਹੈ, ਜਿੱਥੋਂ ਮਾਸਕ ਪੱਤਰ ਮੈਤਰੀ ਨਿਕਲਦਾ ਹੈ। ਵੱਖ-



Sri Satguru Jagjit Singh Ji eLibrary NamdhariElibrary@gmail.com

ਵੱਖ ਸੰਸਥਾਨਾਂ ਦੇ ਦਫਤਰ ਹਨ।

ਪਵਨਾਰ (ਪੌਨਾਰ) ਰਾਜਾ ਪਰਵਰ ਸੈਨ ਦੀ ਇਤਿਹਾਸਕ ਨਗਰੀ ਹੈ। ਸਾਹਮਣੇ ਜੋ ਧਾਮ ਨਦੀ ਵਗਦੀ ਹੈ ਉਹ ਵੱਡੇ ਵੱਡੇ ਪੱਥਰ ਦੇ ਖੰਡਰਾਂ ਵਿਚੋਂ ਲੰਘਦੀ ਹੈ। ਪਥਰੀਲਾ ਥਾਂ ਹੈ। ਲਾਗੇ ਹੀ ਇਕ ਬੰਨ੍ਹ ਮਾਰ ਕੇ ਪਾਣੀ ਇਕੱਠਾ ਕੀਤਾ ਹੋਇਆ ਹੈ: ਪ੍ਰਮਧਾਮ ਆਸ਼ਰਮ ਦੁਆਰ ਤੋਂ ਲੈ ਕੇ ਨਦੀ ਦੇ ਅੱਧ ਤੱਕ ਇਕ ਪੱਕੀ ਸੜਕ ਜਾਂਦੀ ਹੈ। ਨਦੀ ਦੇ ਐਨ ਵਿਚਕਾਰ ਸੀਮੈਂਟ ਦੇ ਗੋਲ ਦਾਇਰੇ ਵਿਚ ਇਕ ਸਤੰਭ ਬਣਾਇਆ ਹੈ। ਇਥੇ ਮਹਾਤਮਾ ਗਾਂਧੀ ਦੀਆਂ ਅਸਥੀਆਂ ਜਲ ਪ੍ਰਵਾਹ ਕੀਤੀਆਂ ਗਈਆਂ ਸਨ। ਜਿਸ ਸਤੰਭ ਦੇ ਦੁਆਲੇ ਬਸ ਚੱਕਰ ਕਟ ਕੇ ਆਈ ਸੀ ਉਹ ਹੋਰ ਹੈ। ਉਸ ਉਤੇ ਮਹਾਤਮਾ ਗਾਂਧੀ ਦੇ ਕਥਨ ਸੰਗਮਰਮਰ ਤੇ ਉਕਰੇ ਪਏ ਹਨ।

ਸੰਨ ੧੯੫੮ ਵਿਚ ਵਿਨੋਬਾ ਜੀ ਨੂੰ ਵਿਚਾਰ ਆਇਆ ਕਿ ਉਹਨਾਂ ਦਾ ਘਰ ਘਾਟ ਛੱਡ ਕੇ ਆਸ਼ਰਮ ਵਿਚ ਆਉਣਾ ਉਹਨਾਂ ਦੇ ਵਿਅਕਤੀਗਤ ਮੋਕਸ਼ ਵਾਸਤੇ ਸੀ। ਉਹਨਾਂ ਸੋਚਿਆਂ ਇਹ ਸਭ ਕੁਝ ਕੇਵਲ ਆਪਣੀ ਮੁਕਤੀ ਲਈ ਨਹੀਂ ਹੋਣਾ ਚਾਹੀਦਾ। ਸੱਚੀ ਮੁਕਤੀ ਤਾਂ ਸਾਰੇ ਸਮਾਜ਼ ਵਾਸਤੇ ਹੈ ਅਤੇ ਉਸ ਵਾਸਤੇ ਸਾਰਵਜਨਿਕ ਹਿਤ ਦੀ ਦ੍ਰਿਸ਼ਟੀ ਤੋਂ ਕੰਮ ਕੀਤਾ ਜਾਵੇ।

ਬ੍ਰਹਮ ਵਿਦਿਆ ਮੰਦਰ ਵਿਚ ਆਪਣੇ ਸਾਥੀਆਂ ਨਾਲ ਉਹ ਇਸੇ ਹੀ ਧੇਹ ਨੂੰ ਪ੍ਰਾਪਤ ਕਰਨ ਲੱਗੇ ਹਨ। ਰੋਜ਼ ਦੇ ਕੰਮਾਂ ਵਿਚ ਸਰੀਰਕ ਕੰਮ ਜਿਵੇਂ ਖਾਣਾ ਬਨਾਉਣਾ, ਸਫਾਈ ਕਰਨਾ (ਕਰਮ), ਖੇਤੀ ਤੇ ਛਪਾਈ ਕਾਰਜ (ਵਿਕਰਮ), ਪ੍ਰਾਰਥਨਾ ਅਤੇ ਧਿਆਨ ਲਾਉਣਾ (ਅਕਰਮ) ਸ਼ਾਮਲ ਹਨ, ਰੋਜ਼ ਚਾਰ ਘੰਟੇ ਖੇਤੀ ਅਤੇ ਪ੍ਰੈਸ ਵਿਚ, ਦੋ ਘੰਟੇ ਘਰੇਲੂ ਕੰਮ ਕਾਜ ਅਤੇ ਬਾਕੀ ਸਮਾਂ ਪ੍ਰਾਰਥਨਾ ਅਧਿਅਨ ਅਤੇ ਵਿਅਕਤੀਗਤ ਕੰਮਾਂ ਦਾ ਹੁੰਦਾ ਹੈ। ਵਿਨੋਬਾ ਮੰਨਦੇ ਹਨ ਕਿ ਆਤਮ ਗਿਆਨ ਵਾਸਤੇ ਅਹੰ ਦਾ ਤਿਆਹ ਜ਼ਰੂਰੀ ਹੈ। ਇਹ ਹੀ ਸਾਧਨਾ ਦਾ ਕੇਂਦਰੀ ਬਿੰਦੂ ਹੈ। ਉਹ ਵਿਅਕਤੀ ਦੀ ਦ੍ਰਿਸ਼ਟੀ ਤੋਂ ਕੀਤੀ ਗਈ ਸਾਧਨਾ ਨੂੰ ਨਹੀਂ ਮੰਨਦੇ। ਉਹ ਗਿਆਨ ਪ੍ਰਾਪਤੀ ਲਈ ਸਾਰੇ ਸਮਾਜ ਦੇ ਸਮਿਲਿਤ ਜਤਨ ਵਿਚ ਵਿਸ਼ਵਾਸ ਰੱਖਦੇ ਹਨ।

ਆਸ਼ਰਮ ਵਿਚ ਪੜ੍ਹੀਆਂ ਲਿਖੀਆਂ ਬੀਬੀਆਂ ਤਿਆਗ ਅਤੇ ਬ੍ਰਹਮ ਚਰਜ ਦਾ ਜੀਵਨ ਬਤੀਤ ਕਰਦੀਆਂ ਹਨ। ਇਹਨਾਂ ਵਿਚੋਂ ਹੀ ਇਕ ਪੰਜਾਬਣ ਬੀਬੀ ਨਿਰਮਲਾ ਦੇਵੀ ਜਿਹੜੀ ਸਾਨੂੰ ਪੰਜਾਬੀਆਂ ਨੂੰ ਵੇਖ ਕੇ ਬਹੁਤ ਖੁਸ਼ ਹੋਈ। ਸ਼ਾਇਦ ਵਿਚਾਰੀ ਨੂੰ ਬਹੁਤ ਦੇਰ ਬਾਅਦ ਪੰਜਾਬੀ ਬੋਲਣ ਦਾ ਅਵਸਰ ਮਿਲਿਆ। ਬਹੁਤ ਮਿੱਠੀ ਪੰਜਾਬੀ ਬੋਲਦੀ ਸੀ ਬੀਬੀ ਨੂੰ ਸਦਾ ਖਿਆਲ ਰਹਿੰਦਾ ਕਿ ਸਾਨੂੰ ਕਿਸੇ ਪ੍ਰਕਾਰ ਦੀ ਤਕਲੀਫ ਨਾ ਹੋਵੇ। ਹਰ ਚੀਜ਼ ਚੰਗੀ ਤਰ੍ਹਾਂ ਸਮਝਾਉਂਦੀ।

ਪੰਜਾਬੀਆਂ ਦੀ ਗੱਲ ਚਲ ਪਈ ਹੈ ਤਾਂ ਪਹਿਲਾਂ ਇਹ ਪੂਰੀ ਕਰ ਹੀ ਲਈਏ। ਸਾਡਾ ਸਰੂਪ ਵੇਖ ਕੇ ਸਾਡੇ ਪੰਜਾਬੀ ਸਿੱਖ ਅਤੇ ਨਾਮਧਾਰੀ ਹੋਣ ਦਾ ਝੱਟ ਪਤਾ ਲੱਗ ਜਾਂਦਾ ਸੀ। ਹੋਰਨਾਂ ਵਿਚੋਂ ਬਹੁਤ ਪੰਜਾਬੀ ਹੋਣਗੇ ਪਰ ਉਹ ਸਰੂਪ ਨਾ ਹੋਣ ਕਰਕੇ ਆਪਸ ਵਿਚ ਵੀ ਗੈਰ ਪੰਜਾਬੀ ਬੋਲੀ ਵਿਚ ਗੱਲਾਂ ਕਰਦੇ। ਇਕ ਮਹਾਂ ਪੁਰਸ਼ ਸਨ ਕਿਸੇ ਡੇਰੇ ਦੇ ਮੱਠਾਧੀਸ਼। ਲੰਮਾ ਦਾੜ੍ਹਾ, ਗੇਰੂਏ ਬਸਤਰ ਆਪਣੇ ਚੇਲੇ ਚੇਲੀਆਂ ਵਿਚ ਬਹੁਤ ਰੋਹਬ ਦਾਬ, ਡਾਂਟ, ਦਬ-ਦਬੇ ਨਾਲ ਗਲ ਕਰਨ ਪਰ ਸਾਡੇ ਨਾਲ ਪੰਜਾਬੀ ਖੁਲਾਸੇ ਸੁਭਾਅ ਵਿਚ ਗੱਲਾਂ ਕਰਨ। ਇਸੇ ਪ੍ਰਕਾਰ ਜੇ ਅਸੀਂ ਹਿੰਦੀ ਵਿਚ ਮੂੰਹ ਮਾਰਦੇ ਤਾਂ ਅਗੋਂ ਕਈ ਪੰਜਾਬੀ ਉਚਾਰਦੇ।

ਕਾਨਫਰੰਸ ਦਾ ਇਕ ਦਿਨ ਤਾਂ ਅਸੀਂ ਗੱਡੀ ਵਿਚ ਲੰਘਾ ਆਏ ਸਾਂ। ਹੁਣ ਅੱਜ ਦਾ ਹੀ ਦਿਨ ਸੀ ਅਜੇ ਆਲਾ ਦੁਆਲਾ ਵੀ ਵੇਖਣਾ ਸੀ। ਅੱਜ ਦੇ ਦਿਨ ਦੀ ਕਾਨਫਰੰਸ ਦੀ ਪਹਿਲੀ ਬੈਠਕ ਸਵੇਰੇ ਸ਼ੁਰੂ ਹੋਈ। ਅੱਜ ਗੋ-ਸੇਵਾ ਸੰਮੇਲਨ ਸੀ। ਬਾਹਰ ਸ਼ਾਮਿਆਨੇ ਲਾ ਕੇ ਮੰਡਪ ਬਣਾਇਆ ਗਿਆ ਸੀ। ਇਹ ਆਮ ਸਭਾ ਨਹੀਂ ਸੀ ਸਗੋਂ ਪ੍ਰਤੀਨਿਧ ਸਭਾ ਸੀ। ਵੱਖ-ਵੱਖ ਪ੍ਰਦੇਸ਼ਾਂ ਤੋਂ ਨੁਮਾਇੰਦੇ ਆਏ ਹੋਏ ਸਨ। ਉਹ ਆਪਣੇ ਆਪਣੇ ਵਿਚਾਰ ਪੇਸ਼ ਕਰ ਰਹੇ ਸਨ। ਸਾਡੀ ਹੈਸੀਅਤ ਤਾਂ ਦਰਸ਼ਕਾਂ ਜਾਂ ਪ੍ਰਾਹੁਣਿਆਂ ਵਰਗੀ ਸੀ। ਗੋ ਸੇਵਾ ਸੰਘ ਜਾਂ ਸਰਵੋਦਯ ਦੇ ਕਾਰਜ ਕਰਤਾ ਬੋਲ ਰਹੇ ਸਨ। ਸਮਾਗਮ ਦਾ ਆਰੰਭ ਇਕ ਸੁਰੀਲੇ ਗੀਤ ਨਾਲ ਹੋਇਆ।

**ਤੂ ਖੁਦ ਕੋ ਬਦਲ ਤੂ ਖੁਦ ਕੋ ਬਦਲ**
**ਤਬ ਤੋ ਯੇ ਜ਼ਮਾਨਾ ਬਦਲੇਗਾ।**
**ਗੰਗਾ ਕੀ ਕਸਮ ਯਮੁਨਾ ਕੀ ਕਸਮ**
**ਯੇ ਤਾਨਾ ਬਾਨਾ ਬਦਲੇਗਾ।**

ਅੱਜ ਦੀ ਸਭਾ ਦੀ ਪ੍ਰਧਾਨਗੀ ਇਕ ਬਜ਼ੁਰਗ ਸੰਗੀਤਕਾਰ ਬੀਬੀ ਡਾਕਟਰ ਪ੍ਰੇਮ ਲਤਾ ਸ਼ਰਮਾ ਕਰ ਰਹੇ ਸਨ। ਡਾ: ਸ਼ਰਮਾ ਬਨਾਰਸ ਯੂਨੀਵਰਸਿਟੀ ਦੇ ਸੰਗੀਤ ਵਿਭਾਗ ਦੀ ਅਧਿਅਕਸ਼ ਹਨ। ਅਮਰੀਕਾ ਵਿਚ ਵੀ ਸੰਗੀਤ ਸਿਖਸ਼ਾ ਦੇਣ ਵਾਸਤੇ ਜਾਂਦੇ ਹਨ। ਸੰਗੀਤਕਾਰ ਹੋਣ ਦੇ ਨਾਲ ਨਾਲ ਪਰਮ ਮਾਤਰੀ ਭਗਤ ਵੀ ਹਨ। ਉਹਨਾਂ ਬਹੁਤ ਸੁੰਦਰ ਭਾਸ਼ਨ ਵੀ ਦਿੱਤਾ ਅਤੇ ਇਕ ਭਜਨ ਵੀ ਗਾਇਆ। ਸਭਾ ਦੇ ਅੰਤ ਤੇ ਅਸੀਂ ਇਸ ਸਰਬ ਸਤਿਕਾਰੀ ਵਿਅਕਤੀ ਨੂੰ ਮਿਲੇ। ਬਨਾਰਸ ਦੇ ਸੰਗੀਤ ਜਗਤ ਨਾਲ ਸਾਡੀ ਵੀ ਸਾਂਝ ਹੈ। ਅਸੀਂ ਉਹਨਾਂ ਦੇ ਭਾਸ਼ਨ ਤੇ ਸੰਗੀਤ ਦਾ ਅਜੇ ਜ਼ਿਕਰ ਹੀ ਕੀਤਾ ਸੀ ਕਿ ਉਹ ਡੁਲ੍ਹ ਪਈ, "ਮੇਰਾ ਜੀਅ ਤੁਹਾਨੂੰ ਏਥੇ ਆਇਆਂ ਨੂੰ ਵੇਖ ਕੇ ਬਹੁਤ ਹੀ ਪ੍ਰਸੰਨ ਹੋਇਆ ਕਿ ਸਾਡੇ ਪੰਜਾਬੀ ਵੀਰ ਵੀ ਆਏ


Sri Satguru Jagjit Singh Ji eLibrary NamdhariElibrary@gmail.com

ਹਨ। ਮੇਰਾ ਪਿਛਲਾ ਪੇਕਾ ਪਿੰਡ ਨਕੋਦਰ ਦੇ ਕੋਲ ਹੈ ਅਤੇ ਹੁਣ ਤਾਂ ਅਸੀਂ ਕਈਆਂ ਸਾਲਾਂ ਤੋਂ ਬਨਾਰਸ ਹੀ ਹਾਂ ਤੁਹਾਡੇ ਸੰਗੀਤਕਾਰ ਬੱਚੇ ਬਨਾਰਸ ਵਿਚ ਮੈਂ ਅਕਸਰ ਦੇਖਦੀ ਹਾਂ। ਅੱਜ ਤੁਹਾਨੂੰ ਦੇਖ ਕੇ ਮਨ ਬੜਾ ਹੀ ਖੁਸ਼ ਹੋਇਆ ਹੈ।" ਸਾਡੀ ਪ੍ਰਸੰਨਤਾ ਵੀ ਕੁਦਰਤੀ ਸੀ। ਸਨਖਤਰਾ ਜੀ ਨੇ ਬਾਅਦ ਵਿਚ ਸੰਤੁਸ਼ਟਤਾ ਭਰੀ ਖੁਸ਼ੀ ਨਾਲ ਕਿਹਾ ਕਿ ਮੈਂ ਇਹਨਾਂ ਦੇ ਭਾਸ਼ਨ ਸਮੇਂ ਹੀ ਅੰਦਾਜ਼ਾ ਲਾ ਲਿਆ ਸੀ ਕਿ ਇਹ ਪੰਜਾਬਣ ਹੈ। ਅਸਾਂ ਪੁਛਿਆ ਉਹ ਕਿਵੇਂ ? ਪਰ ਉਹ ਦਸ ਨਾ ਸਕੇ ਕਿ ਆਤਮਾ ਦੀ ਅਵਾਜ਼ ਹੈ।

ਵਿਨੋਬਾ ਭਾਵੇਂ ਜੀ ਕਲ੍ਹ ਹੀ ਉਦਘਾਟਨ ਸਮੇਂ ਬਾਹਰ ਕਾਨਫਰੰਸ ਵਿਚ ਆਏ ਸਨ ਫੇਰ ਨਹੀਂ। ਉਹ ਅੰਦਰ ਹੀ ਕੁਟੀਆ ਵਿਚ ਰਹਿੰਦੇ ਸਨ। ਬੁਢਾਪੇ ਕਾਰਨ ਉਹ ਘਟ ਸੁਣਦੇ ਹਨ ਘਟ ਬੋਲਦੇ ਹਨ। ਅੱਜ ਪਹਿਲੀ ਬੈਠਕ ਤੋਂ ਬਾਅਦ ਆਸ਼ਰਮ ਦੇ ਅੰਦਰ ਉਹਨਾਂ ਨੂੰ ਮਿਲਣ ਵਾਸਤੇ ਸਭ ਨੇ ਜਾਣਾ ਸੀ।

ਬਰਾਮਦੇ ਅੰਦਰ ਇਹ ਸਭਾ ਲਗੀ। ਆਸ਼ਰਮ ਦੀਆਂ ਬ੍ਰਹਮਚਾਰਨਾਂ ਬਹੁਤ ਸੁੰਦਰ ਸੁਰਾਂ ਵਿਚ ਸੰਸਕ੍ਰਿਤ ਦੇ ਸਲੋਕਾਂ ਦਾ ਮਿਲਵਾਂ ਉਚਾਰਨ ਕਰ ਰਹੀਆਂ ਸਨ। ਇਸੇ ਤਰ੍ਹਾਂ ਪ੍ਰਾਰਥਨਾ ਉਪਾਸਨਾ ਰੋਜ਼ ਸਵੇਰੇ ਚਾਰ ਵਜੇ ਹੁੰਦੀ ਹੈ। ਵਿਨੋਬਾ ਜੀ ਇਕ ਤਖਤਪੋਸ਼ ਤੇ ਬੈਠੇ ਸਨ। ਸਿਰ ਤੇ ਕਾਲੀ ਜਿਹੀ ਟੋਪੀ, ਤੇੜ ਕੇਵਲ ਲੰਗੋਟੀ ਹੀ, ਸੁਕਮ-ਸੁੱਕਾ ਰਾੜ੍ਹਿਆ ਹੋਇਆ ਸਰੀਰ। ਹੁਣ ਸੁਆਲਾਂ ਜੁਆਬਾਂ ਦਾ ਕਰਮ ਸ਼ੁਰੂ ਹੋਇਆ। ਪਹਿਲਾਂ ਸ੍ਰੀ ਰਾਧਾ ਕ੍ਰਿਸ਼ਨ ਬਜਾਜ ਲੋਕਾਂ ਵਲੋਂ ਆਏ ਸੁਆਲ ਪੜ੍ਹ ਕੇ ਸੁਣਾਉਂਦੇ ਫੇਰ ਵਿਨੋਬਾ ਜੀ ਪੜ੍ਹ ਕੇ ਉੱਤਰ ਲਿਖ ਦੇਂਦੇ: ਬਜਾਜ ਜੀ ਫੇਰ ਉੱਤਰ ਪੜ੍ਹ ਦਿੰਦੇ। ਕਦੇ ਕਦੇ ਵਿਨੋਬਾ ਜੀ ਬੋਲਦੇ ਵੀ। ਪਰ ਖੰਘ ਅਤੇ ਸਾਹ ਦੀ ਸ਼ਿਕਾਇਤ ਕਰਕੇ ਕੁਝ ਸਮਝ ਨਾ ਪੈਂਦਾ। ਇਹ ਜ਼ਰੂਰ ਪਤਾ ਲੱਗਦਾ ਕਿ ਉਹ ਖੁਸ਼ੀ ਦੇ ਮੂਡ ਵਿਚ ਹਨ। ਗਊ ਰਖਿਆ ਦੇ ਸਬੰਧ ਵਿਚ ਵੱਖ-ਵੱਖ ਪ੍ਰਸ਼ਨ ਹੁੰਦੇ। ਕਈ ਜਥੇਬੰਦੀ ਸੰਬੰਧੀ ਸਨ। ਇਕ ਮਹੀਨੇ ਦਾ ਲੜੀਵਾਰ ਉਪਵਾਸਾਂ ਦੇ ਪ੍ਰੋਗਰਾਮ ਚਾਲੂ ਕਰਨ ਵਾਸਤੇ ਸਵਾਲ ਜੁਆਬ ਸਨ।

ਬਾਬੇ ਕਿਹਾ ਮੈਂ ਤੇਰਾਂ ਸਾਲ ਘੁਮਿਆਂ ਹਾਂ। ਬਹੁਤ ਸਾਰੇ ਕੰਮ ਹੋ ਗਏ ਹਨ। ਇਕ ਇਹ ਹੀ ਗਊ ਰਖਿਆ ਵਾਲਾ ਰਹਿੰਦਾ ਹੈ। ਇਸ ਕੰਮ ਵਾਸਤੇ ਅਚਾਰ, ਪਰਚਾਰ, ਸੰਚਾਰ, ਵਿਚਾਰ ਸਭ ਕਰਨਾ ਹੈ। ਤੁਸੀਂ ਜ਼ਿਲ੍ਹਿਆਂ ਵਿਚ ਪ੍ਰਚਾਰ ਕਰੋ ਬਹੁਤਿਆਂ ਦਾ ਮਾਰਗ ਦਰਸ਼ਨ ਹੋਵੇਗਾ। ਆਪਣਾ ਜ਼ਿਲ੍ਹਾ ਆਪ ਚੁਣੋ ਉਸ ਵਿਚ ਕੰਮ ਕਰੋ।

ਸ਼ਾਮ ਦੇ ਸਮਾਗਮ ਵਿਚ ਸਾਡੇ ਡੈਲੀਗੇਸ਼ਨ ਵਿਚ ਕਿਸੇ ਬੋਲਣਾ ਸੀ। ਅਸੀਂ ਸ੍ਰੀ ਪ੍ਰੀਤਮ ਸਿੰਘ ਕਵੀ ਜੀ ਦਾ ਨਾਮ ਪੇਸ਼ ਕੀਤਾ। ਕਵੀ ਜੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਾਲ ਸਖਾਈ ਹਨ। ਧਾਰਮਿਕ ਤੇ ਸਿਆਸੀ ਘੋਲਾਂ 'ਚੋਂ ਨਿਕਲੇ ਹਨ। ਕਲਮ ਅਤੇ ਜ਼ਬਾਨ ਦੇ ਧਨੀ ਹਨ ਸਤਿਜੁਗ ਦੇ ਸੰਪਾਦਕ ਰਹੇ ਹਨ। ਧਰਮ, ਇਤਿਹਾਸ, ਸਾਹਿਤ ਰਾਜਨੀਤੀ ਦੀ ਵਾਕਫੀ ਹੈ। ਇਸ ਵਾਸਤੇ ਸਾਡੇ ਡੈਲੀਗੇਸ਼ਨ ਵਲੋਂ ਬੋਲਣਾ ਕੁਦਰਤੀ ਹੀ ਸੀ। ਆਪ ਨੇ ਸਭ ਤੋਂ ਪਹਿਲਾਂ ਅੱਖਾਂ ਮੁੰਦ ਕੇ ਆਪਣੀ ਰੁਬਾਈ ਪੜ੍ਹੀ।

ਤੇਰਾ ਨਾਮ ਲਿਆਂ ਦੁਖ ਨੱਸਣ ਸੁਖ ਵੱਸਣ ਚੁਫੇਰੇ।
ਹਿਰਦੇ ਠੰਡ, ਦਾਹ ਮਿਟ ਜਾਂਦੀ, ਦੁਸ਼ਮਣ ਹੁੰਦੇ ਨੇੜੇ।
ਦੁਨੀਆ ਪਿਆਰੀ ਪਿਆਰੀ ਲਗਦੀ, ਮੌਤ-ਮਿੱਠੀ ਗਲਵਕੜੀ—
ਕੇਡਾ ਚੰਗਾ ਹੋਇ ਜਿ ਵਸੇਂ ਨਿਸ ਦਿਨ ਅੰਦਰ ਮੇਰੇ।

ਕਵੀ ਜੀ ਨੇ ਫੇਰ ਨਾਮਧਾਰੀਆਂ ਬਾਰੇ ਜ਼ਿਕਰ ਕਰਦਿਆਂ ਆਪਣਾ ਪ੍ਰੇਰਣਾ ਸ੍ਰੋਤ ਸਤਿਗੁਰੂ ਜਗਜੀਤ ਸਿੰਘ ਨੂੰ ਦੱਸਿਆ। ਨਾਮਧਾਰੀ ਇਤਿਹਾਸ ਅਤੇ ਗੁਰਮਤ ਬਾਰੇ ਦੱਸਿਆ ਅਤੇ ਨਾਮਧਾਰੀਆਂ ਵਲੋਂ ਗੁਰੂ ਪ੍ਰੰਪਰਾ ਨੂੰ ਜਾਰੀ ਰੱਖਣਾ, ਅੰਗਰੇਜ਼ੀ ਰਾਜ ਅੰਦਰ ਸਵਰਾਜ ਸਥਾਪਤ ਕਰਨਾ, ਗਊ ਰੱਖਿਆ ਅਤੇ ਗਊ ਪਾਲਣ ਦਾ ਜ਼ਿਕਰ ਕੀਤਾ। ਗਊਆਂ ਦੀ ਨਸਲ ਸੁਧਾਰਨ ਬਾਰੇ ਉਹਨਾਂ ਦੱਸਿਆ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਗਊ ਬਾਰੇ ਤਿੰਨ ਗੱਲਾਂ ਮਹੱਤਵਪੂਰਨ ਦੱਸੀਆਂ ਜਾਂਦੀਆਂ ਹਨ। (੧) ਗਊ ਬੈਲ ਦਿੰਦੀ ਹੈ। (੨) ਦੁੱਧ ਦਿੰਦੀ ਹੈ। (੩) ਪੋਸ਼ਟਿਕ ਦੁੱਧ ਦਿੰਦੀ ਹੈ। ਪੁਰਾਣੇ ਇਤਿਹਾਸ ਤੋਂ ਬਾਅਦ ਉਹਨਾਂ ਦੱਸਿਆ ਕਿ ਉਹਨਾਂ ਦੇ ਸਮਿਆਂ ਵਿਚ ਜਦੋਂ ਲਾਹੌਰ ਵਿਚ ਇਕ ਮਸ਼ੀਨੀ ਬੁਚੜਖਾਨਾ ਖੋਲ੍ਹਣ ਦਾ ਐਲਾਨ ਹੋਇਆ ਸੀ ਤਾਂ ਸਤਿਗੁਰੂ ਪ੍ਰਤਾਪ ਸਿੰਘ ਨੇ ਸਵਾ ਲੱਖ ਪਾਠ ਚੰਡੀ ਦੀ ਵਾਰ ਦੇ ਕਰਵਾ ਕੇ ਯੱਗ ਕੀਤਾ ਸੀ ਜਿਸ ਦੇ ਫਲ-ਸਰੂਪ ਉਹ ਮਸ਼ੀਨੀ ਬੁੱਚੜ ਖਾਨਾ ਨਾ ਖੁਲ ਸਕਿਆ। ਸਤਿਗੁਰੂ ਜਗਜੀਤ ਸਿੰਘ ਜੀ ਨੇ ਕਲਕੱਤੇ ਬੁਚੜਖਾਨੇ ਤੋਂ ਕਈ ਗਊਆਂ ਖਰੀਦ ਕੇ ਬਚਾਈਆਂ ਜਿਨ੍ਹਾਂ ਨੇ ਬਾਅਦ ਵਿਚ ਕਈ ਕਈ ਸੂਏ ਅਤੇ ਕਿੰਨੇ ਕਿੰਨੇ ਕਿਲੋ ਦੁੱਧ ਦਿੱਤਾ। ਆਪ ਦੀਆਂ ਗਊਆਂ ਆਲ ਇੰਡੀਆ ਮੁਕਾਬਲਿਆਂ ਵਿਚੋਂ ਫਸਟ ਆਉਂਦੀਆਂ ਰਹੀਆਂ ਹਨ ਅਤੇ ਆਪ ਨੂੰ ਗੋਪਾਲ ਰਤਨ ਦੇ ਸਨਮਾਨ ਨਾਲ ਸਤਿਕਾਰਿਆ ਗਿਆ ਹੈ। ਕਵੀ ਜੀ ਨੇ ਦੱਸਿਆ ਕਿ ਤੁਹਾਡੇ ਅੱਜ ਵਾਲੇ ਕਾਰਜ ਕਰਮ ਨੂੰ ਅਸੀਂ ਨਾਮਧਾਰੀ ਪਹਿਲਾਂ ਤੋਂ ਹੀ ਸਾਰਥਕ ਰੂਪ ਵਿਚ ਲਾਗੂ ਕਰ ਚੁੱਕੇ ਹਾਂ।

ਵੱਖ ਵੱਖ ਵਿਦਵਾਨਾਂ ਵਲੋਂ ਵਿਚਾਰ ਪੇਸ਼ ਕਰਨ ਉਪਰੰਤ ਸ਼ਾਮ ਦੀ ਬੈਠਕ ਸਮਾਪਤ ਹੋਈ ਤੇ ਲਗਭਗ ਸਮੇਲਨ ਦੀ ਵੀ ਅਮਲੀ ਰੂਪ ਵਿਚ ਸਮਾਪਤੀ ਸੀ। ਕੱਲ੍ਹ ਸਵੇਰੇ ਚੋਣਵੇਂ ਪ੍ਰਤੀਨਿਧਾਂ ਦੀ ਹੀ ਮੀਟਿੰਗ ਹੋਣੀ ਸੀ। ਸਮੇਲਨ ਦਾ ਮੁਖ ਸੁਰ


Sri Satguru Jagjit Singh Ji eLibrary NamdhariElibrary@gmail.com

ਇਕ ਮਹੀਨੇ ਵਾਸਤੇ ਲੜੀਵਾਰ ਉਪਵਾਸ (ਭੁਖ ਹੜਤਾਲ) ਕਰਨ ਦਾ ਹੀ ਸੀ ਜਾਂ ਵੱਖ-ਵੱਖ ਪ੍ਰਦੇਸ਼ਾਂ ਵਿਚ ਗਊ ਰੱਖਿਆ ਤੇ ਗਊ ਪਾਲਣ ਦੇ ਪ੍ਰੋਗਰਾਮ ਦਾ ਜਾਇਜ਼ਾ ਲੈਣਾ ਸੀ। ਅਸੀਂ ਪ੍ਰਬੰਧਕਾਂ ਤੋਂ ਬੜੇ ਪਿਆਰ ਸਾਹਿਤ ਆਗਿਆ ਲੈ ਲਈ ਕਿ ਅਗਲੇ ਦਿਨ ਸਵੇਰੇ ਸਾਨੂੰ ਮਹਾਤਮਾ ਗਾਂਧੀ ਜੀ ਨਾਲ ਸੰਬੰਧਤ ਸੇਵਾ ਗਰਾਮ ਵੇਖਣ ਵਾਸਤੇ ਆਗਿਆ ਦਿੱਤੀ ਜਾਵੇ।

**ਗੋ-ਪੁਰੀ**

ਵਰਧਾ ਨੂੰ ਪਹਿਲਾਂ ਸੰਸਾਰ ਪ੍ਰਸਿਧੀ ਦਵਾਉਣ ਦਾ ਕਾਰਨ ਸੀ ਮਹਾਤਮਾ ਗਾਂਧੀ ਜੀ ਦੀ ਸ਼ਖਸੀਅਤ। ਇਹ ੧੯੩੪ ਤੋਂ ਗਾਂਧੀ ਜੀ ਦੇ ਅੰਤ ਤੱਕ ਉਹਨਾਂ ਦੀਆਂ ਸਰਗਰਮੀਆਂ ਦਾ ਮੁਖ ਅਸਥਾਨ ਰਿਹਾ ਅਤੇ ਇਥੇ ਹੀ ਭਾਰਤ ਦੀ ਇਕ ਗੈਰ-ਸਰਕਾਰੀ 'ਰਾਜਧਾਨੀ' ਰਹੀ ਹੈ ਉਹ ਹੈ "ਸੇਵਾ ਗਰਾਮ" ਪਿੰਡ ਜਿਥੇ ਮਹਾਤਮਾ ਜੀ ਦਾ ਆਸ਼ਰਮ ਸੀ। ਭਾਰਤ ਦੀ ਕਿਸਮਤ ਦਾ ਫੈਸਲਾ ਕਰਨ ਵਾਲੇ ਕਈ ਮਹੱਤਵ ਪੂਰਨ ਫੈਸਲੇ ਇਸੇ ਹੀ ਸੇਵਾ ਗਰਾਮ ਵਿਚ ਮਹਾਤਮਾ ਗਾਂਧੀ ਜੀ ਦੀ ਕੁਟੀਆ ਵਿਚ ਲਏ ਗਏ ਸਨ। ਗਾਂਧੀ ਜੀ ਦੀਆਂ ਸਰਗਰਮੀਆਂ ਨਾਲ ਸੰਬੰਧਤ ਕਈ ਸੰਸਥਾਨ ਇਥੇ ਹੀ ਹਨ, ਜਿਵੇਂ ਕਸਤੂਰਬਾ ਹਸਪਤਾਲ, ਗਾਂਧੀ ਸੇਵਾ ਸੰਘ, ਖਾਦੀ ਖੋਜ ਸੰਸਥਾ ਅਤੇ ਹੋਰ ਅਨੇਕਾਂ ਕੁਟੀਆਵਾਂ ਤੇ ਗਾਂਧੀ ਜੀ ਨਾਲ ਸੰਬੰਧਤ ਯਾਦਾਂ।

ਅਸੀਂ ਦਲੀਪ ਸਿੰਘ ਜੀ ਦੀ ਹੱਲਾ-ਸ਼ੇਰੀ ਤੇ ਦੱਤਾ ਆਸ਼ਰਮ ਤੋਂ ਸੇਵਾ ਗਰਾਮ ਵੇਖਣ ਲਈ ਪੈਦਲ ਹੀ ਤੁਰ ਪਏ। ਜੇ ਸਵਾਰੀ ਦਾ ਪ੍ਰਬੰਧ ਹੁੰਦਾ ਤਾਂ ਸ਼ਾਇਦ ਇਸ ਹੱਲਾ-ਸ਼ੇਰੀ ਦਾ ਅਸਰ ਨਾ ਹੁੰਦਾ। ਪੈਦਲ ਸਾਡੇ ਤੋਂ ਸੇਵਾ ਗਰਾਮ ਤਾਂ ਨਾ ਪਹੁੰਚਿਆ ਗਿਆ ਪਰ ਏਸੇ ਬਹਾਨੇ ਰਾਹ ਵਿਚ ਇਕ ਹੋਰ ਨਗਰੀ ਤੇ ਵਧੀਆ ਥਾਵਾਂ ਦੇਖਣ ਦਾ ਅਵਸਰ ਮਿਲ ਗਿਆ। ਇਹ ਸੀ ਗੋ-ਪੁਰੀ ਅਤੇ ਗੀਤਾਈ ਮੰਦਰ। ਸੇਵਾ ਗਰਾਮ ਦਾ ਰਾਹ ਪੁਛਦੇ, ਬਸ ਦੀ ਸਵਾਰੀ ਭਾਲਦੇ ਅਸੀਂ ਗੋ ਪੁਰੀ ਵਿਚ ਆ ਪਹੁੰਚੇ। ਗੋ ਪੁਰੀ (ਭਾਵ ਗਊਆਂ ਦੀ ਪੁਰੀ)। ਸਵ: ਜਮਨਾ ਲਾਲ ਬਜਾਜ ਨੇ ਜੀਵਨ ਦੇ ਅੰਤਮ ਦਿਨਾਂ ਵਿਚ ਗਊ ਸੇਵਾ ਦਾ ਵ੍ਰਤ ਲਿਆ ਅਤੇ ਇਸ ਗੋ-ਪੁਰੀ ਵਿਚ ਸ਼ਾਂਤੀ ਕੁਟੀ ਨੂੰ ਆਪਣਾ ਨਿਵਾਸ ਅਸਥਾਨ ਬਨਾਇਆ। ਇਥੇ ਗੋ ਪੁਰੀ ਵਿਚ ਕਾਫੀ ਸਾਰੇ ਰਹਾਇਸ਼ੀ ਕਵਾਟਰ ਹਨ ਦਫਤਰ ਹਨ ਟੈਕਨੀਕਲ ਸਕੂਲ ਹੈ ਅਤੇ ਹੋਰ ਬਹੁਤ ਕੁਝ। ਆਪਣੀ ਸਾਦਗੀ ਅਤੇ ਸਫਾਈ ਕਾਰਨ ਆਕਰਸ਼ਕ ਲਗਦੇ ਹਨ। ਬਜਾਜ ਪਰਿਵਾਰ ਦਾ ਨਿਵਾਸ ਅਸਥਾਨ ਹੋਣ ਕਰਕੇ ਗਾਂਧੀ ਜੀ ਤੋਂ ਲੈ ਕੇ ਦੇਸ਼ ਵਿਦੇਸ਼ ਦੇ ਵੱਡੇ ਵੱਡੇ ਲੀਡਰ ਇਥੇ ਆਉਂਦੇ ਰਹੇ ਅਤੇ ਨਿਵਾਸ ਕਰਦੇ ਰਹੇ ਹਨ। ਅੱਗੇ ਇਥੇ ਮਧਾਣੀ ਟੱਕ ਵਰਗੇ ਅਕਾਰ ਦੀ ਇਕ ਬਣਤਰ ਨੇ ਸਾਨੂੰ ਆਪਣੇ ਵੱਲ ਖਿਚਿਆ। ਇਹ ਗੀਤਾਈ ਮੰਦਰ ਦਾ ਗੇਟ ਸੀ। ਦੇਸ਼ ਵਿਚ ਆਪਣੀ ਹੀ ਕਿਸਮ ਦਾ ਇਹ ਮੰਦਿਰ ਹੈ।

**ਗੀਤਾਈ ਮੰਦਰ**

ਗੀਤਾਈ ਮੰਦਰ ਦੇ ਨਾਲ ਹੀ ਸ਼ਾਂਤੀ ਕੁਟੀ ਵਿਚ ਬਜਾਜ ਪਰਿਵਾਰ ਨਾਲ ਸੰਬੰਧਤ ਚਿਤਰ ਪ੍ਰਦਰਸ਼ਨੀ ਹੈ ਜਿਸ ਵਿਚ ਏਸ ਪਰਿਵਾਰ ਦੇ ਗਾਂਧੀ ਜੀ ਨਾਲ ਸੰਬੰਧ, ਦੇਸ਼ ਦੀ ਆਜ਼ਾਦੀ ਵਿਚ ਹਿੱਸਾ, ਪਰਿਵਾਰ ਦੇ ਮੈਂਬਰਾਂ ਦਾ ਵੱਖ ਵੱਖ ਸਤਿਆਗ੍ਰਹਾਂ ਵਿਚ ਜਾਣਾ, ਵੱਡੀਆਂ ਵੱਡੀਆਂ ਸ਼ਖਸੀਅਤਾਂ ਦਾ ਇਥੇ ਆਉਣਾ, ਸਾਰਾ ਇਤਿਹਾਸ ਹੀ ਦਰਸਾਇਆ ਗਿਆ ਹੈ। ਇਥੇ ਹੀ ਪੁਸਤਕਾਂ ਰੱਖੀਆਂ ਹੋਈਆਂ ਹਨ। ਇਥੋਂ ਦੇ ਸੇਵਕ ਨੇ ਬਹੁਤ ਹੀ ਪਿਆਰ ਨਾਲ ਸਭ ਕੁਝ ਦਿਖਾਇਆ ਉਸ ਬਾਅਦ ਅਸੀਂ ਗੀਤਾਈ ਮੰਦਰ ਦੇਖਣ ਗਏ। ਗੀਤਾਈ ਮੰਦਰ ਦਾ ਭਾਵ ਗੀਤਾ ਮੰਦਰ ਹੈ। ਗੀਤਾਈ ਮੰਦਰ ਆਮ ਮੰਦਰ ਨਹੀਂ ਸਗੋਂ ਮਹਾਤਮਾ ਗਾਂਧੀ ਜੀ ਦੀ ਇਛਾ ਅਨੁਸਾਰ ਜਮਨਾ ਲਾਲ ਜੀ ਦੀ ਯਾਦ ਅਤੇ ਬਜਾਜ ਪਰਿਵਾਰ ਦੇ ਕੁਲ ਗੁਰੂ ਵਿਨੋਬਾ ਜੀ ਦੀ ਘਾਲਣਾ ਨੂੰ ਇਕ ਨਵਾਂ ਰੂਪ ਦੇਣ ਦਾ ਮਿਲਵਾਂ ਜਤਨ ਹੈ।

ਇਹ ਮੰਦਰ ਇਕ ਪਾਰਕ ਜਿਹੀ ਸ਼ਕਲ ਦਾ ਸੀ। ਇਹ ਸੁਰੰਗ ਨੁਮਾ ਰਸਤੇ ਰਾਹੀਂ ਲੰਘ ਕੇ ਅੰਦਰ ਗਏ। ਬਹੁਤ ਸੁੰਦਰ ਘਾਹ ਸੀ। ਇਕ ਮੌਲਸਿਰੀ ਦਾ ਦਰਖਤ ਆਲੇ ਦੁਆਲੇ ਸੀਮੈਂਟ ਦੇ ਬੈਂਚ ਬਣੇ ਹੋਏ। ਇਥੇ ਨਾ ਕੋਈ ਛੱਤ ਸੀ ਨਾ ਕੋਈ ਮੂਰਤੀ। ਨਾ ਸ਼ਰਧਾਲੂਆਂ ਦੀਆਂ ਟੱਲੀਆਂ ਨਾ ਧੂਪ-ਦੀਪ। ਦੀਵਾਰਾਂ ਦੀ ਥਾਂ ਵੀ ਪੱਥਰ ਖੜੇ ਕੀਤੇ ਹੋਏ ਸਨ। ਪਰ ਇਸ ਦੀ ਵਿਸ਼ੇਸ਼ਤਾ ਇਹ ਸੀ ਕਿ ਸੰਪੂਰਨ ਗੀਤਾ ਦਾ ਮਰਾਠੀ ਅਨੁਵਾਦ ਇਹਨਾਂ ਪੱਥਰਾਂ ਤੇ ਅੰਕਿਤ ਕੀਤਾ ਹੋਇਆ ਸੀ। ਬਹੁਤ ਏਕਾਂਤਮਈ ਪ੍ਰਭਾਵਸ਼ਾਲੀ ਵਾਤਾਵਰਨ ਸੀ। ਕੋਈ ਭੀੜ ਨਹੀਂ ਸੀ। ਸਵੇਰ ਦੀ ਧੁੱਪ ਬਹੁਤ ਪਿਆਰੀ ਪਿਆਰੀ ਲੱਗ ਰਹੀ ਸੀ। ਅਤੇ ਜੀਅ ਕਰਦਾ ਸੀ ਕਿ ਇਥੇ ਬੈਠੇ ਰਹੀਏ ਸਾਹਿਤਕ ਸਿਰਜਨ ਵਾਸਤੇ ਚਿੰਤਨ ਵਾਸਤੇ ਬਹੁਤ ਪ੍ਰੇਰਨਾਮਈ ਵਾਤਾਵਰਨ ਸੀ। ਚਾਰੇ ਪਾਸੇ ਸ਼ਿਲਾ ਲੇਖਾਂ ਵਿਚ ਘਿਰਿਆ ਆਦਮੀ ਇਵੇਂ ਮਹਿਸੂਸ ਕਰਦਾ ਜਿਵੇਂ ਗੀਤਾ ਦਾ ਉਚਾਰਨ ਹੋ ਰਿਹਾ ਹੈ ਤੇ ਭਗਵਾਨ ਕ੍ਰਿਸ਼ਨ ਆਪ ਉਚਾਰ ਰਹੇ ਹੋਣ। ਜਿਹੜੇ ਗੇਟ ਦਾ ਅਸੀਂ ਜ਼ਿਕਰ ਕੀਤਾ ਹੈ ਉਸ ਦਾ ਨਮੂਨਾ ਵੀ ਗ੍ਰੰਥ ਪੜ੍ਹਨ ਲਈ ਥੱਲੇ ਰੱਖੀ ਗਈ ਰੇਲ ਵਰਗਾ ਸੀ। ਅਸੀਂ ਸੇਵਾਦਾਰ ਨੂੰ ਮੰਦਰ ਬਾਰੇ ਪੁਛਿਆ ਤਾਂ ਪਹਿਲਾਂ ਤਾਂ ਉਹ ਜ਼ਬਾਨੀ ਦਸਦਾ ਰਿਹਾ ਫਿਰ ਉਹ ਟੇਪ ਰਿਕਾਰਡ ਲੈ ਆਇਆ। ਇਸ ਵਿਚ ਹਿੰਦੁਸਤਾਨ ਦੇ ਪ੍ਰਸਿੱਧ ਰੇਡੀਓ ਕੁਮੈਂਟੇਟਰ ਆਮੀਨ ਸਿਆਨੀ ਦੀ ਆਵਾਜ਼ ਵਿਚ ਗੀਤਾਈ ਮੰਦਰ ਦਾ ਇਤਿਹਾਸ ਰਿਕਾਰਡ ਹੋਇਆ ਸੀ ਜਿਸ ਦਾ ਸਾਰ ਇੰਜ ਹੈ।


Sri Satguru Jagjit Singh Ji eLibrary NamdhariElibrary@gmail.com

**ਮਰਾਠੀ ਗੀਤਾ**

ਵਿਨੋਬਾ ਜੀ ਨੇ ਆਪਣੀ ਮਾਤਾ ਰੁਕਮਣੀ ਦੇਵੀ ਦੀ ਇਛਾ ਤੇ ਫੁਲ ਚੜਾਉਂਦਿਆਂ ਸੰਪੂਰਨ ਗੀਤਾ ਦਾ ਮਰਾਠੀ ਵਿਚ ਅਨੁਵਾਦ ਕੀਤਾ। ਇਹ ਅਨੁਵਾਦ ਨਹੀਂ ਸਗੋਂ ਸਮਸਲੋਕੀ ਮਰਾਠੀ ਰੂਪਾਂਤਰ ਸੀ। ਸਲੋਕ ਦੇ ਮੁਕਾਬਲੇ ਮਰਾਠੀ ਦਾ ਸਲੋਕ ਉਚਾਰਨ ਕੀਤਾ।

ਸ੍ਰੀ ਜਮਨਾ ਲਾਲ ਜੀ ਨੇ ਇਹ ੧੯੩੨ ਵਿਚ ਪਹਿਲਾਂ ਪ੍ਰਕਾਸ਼ਿਤ ਕੀਤਾ। ਇਸ ਕ੍ਰਿਤ ਨੂੰ ਵਿਨੋਬਾ ਜੀ ਨੇ ਨਾਮ ਦਿੱਤਾ 'ਗੀਤਾਈ' ਭਾਵ ਗੀਤਾ ਮਾਤਾ।

ਜਮਨਾ ਲਾਲ ਜੀ ਦੇ ਸਪੁੱਤਰ ਸ੍ਰੀ ਕੰਵਲ ਨੈਨ ਬਜਾਜ ਨੇ ਆਪਣੇ ਪਿਤਾ ਦੀ ਯਾਦ ਅਤੇ ਗੀਤਾਈ ਦੀ ਯਾਦ ਵਿਚ ਪਵਿਤਰ ਸੁੰਦਰ, ਸਾਦਾ, ਪ੍ਰਭਾਵਸ਼ਾਲੀ ਪ੍ਰੇਰਣਾ ਦਾਇਕ ਕਲਾ ਪੂਰਨ ਸਮਾਰਕ ਬਨਾਉਣ ਦੀ ਯੋਜਨਾ ਬਣਾਈ। ਫਲਸਰੂਪ ੪ ਨਵੰਬਰ ੧੯੬੯ ਨੂੰ ਇਹ ਗੀਤਾਈ ਮੰਦਰ ਦਾ ਨੀਂਹ ਪੱਥਰ ਖਾਨ ਅਬਦੁਲ ਗੁਫਾਰ ਖਾਂ ਨੇ ਰੱਖਿਆ। ਵਿਨੋਬਾ ਬਹੁਤ ਦੇਰ ਬਾਅਦ ਪਦ ਯਾਤਰਾ ਤੋਂ ਇਥੇ ਇਸ ਕੰਮ ਲਈ ਆਏ।

ਪਰ ਕੰਵਲ ਨੈਨ ਜੀ ਦਾ ਦੇਹਾਂਤ ਵੀ ੧੯੭੨ ਵਿਚ ਹੋ ਗਿਆ। ਇਸ ਤਰ੍ਹਾਂ ਇਹ ਮੰਦਰ ਕੰਵਲ ਨੈਨ ਜੀ ਦੀ ਯਾਦ ਵੀ ਸਮੋਈ ਬੈਠਾ ਹੈ। ਜਮਨਾ ਲਾਲ ਜੀ ਦੀ ਇਛਾ ਸੀ ਕਿ ਉਹਨਾਂ ਦੀਆਂ ਅਸਥੀਆਂ ਓਸ ਥਾਂ ਦੱਬੀਆਂ ਜਾਣ ਜਿਥੇ ਸਾਰੇ ਲੋਕ ਲੰਘਦੇ ਹੋਣ ਭਾਵ ਲੋਕਾਂ ਦੇ ਪੈਰਾਂ ਹੇਠ। ਇਹ ਪਰਵੇਸ਼ ਦੁਆਰ ਵਿਚ ਇਕ ਸਿਲ ਹੇਠ ਦਬੀਆਂ ਪਈਆਂ ਹਨ।

ਗੀਤਾਈ ਮੰਦਰ ਦਾ ਕੰਮ ੧੯੭੭ ਵਿਚ ਆਰੰਭ ਹੋਇਆ। ਇਹ ਦੇਸ਼ ਦੀ ਪਹਿਲੀ ਯੋਜਨਾ ਹੈ ਜਿਸ ਵਿਚ ਸੰਪੂਰਨ ਮਰਾਠੀ ਗ੍ਰੰਥ ਸ਼ਿਲਾਵਾਂ ਤੇ ਅੰਕਿਤ ਕੀਤਾ ਗਿਆ ਹੈ।

**ਸ਼ਿਲਾ-ਲੇਖ**

ਗੀਤਾਈ ਦੇ ੧੮ ਅਧਿਆਵਾਂ ਵਾਸਤੇ ਅਠਾਰਾਂ ਪ੍ਰਕਾਰ ਦੇ ਪੱਥਰਾਂ ਦਾ ਪ੍ਰਯੋਗ ਕੀਤਾ ਗਿਆ ਹੈ। ਜੋ ਦੇਸ਼ ਦੇ ਸਾਰੇ ਭਾਗਾਂ ਵਿਚੋਂ ਲਿਆਂਦੇ ਗਏ ਹਨ ਅਤੇ ਸਮੁੱਚੇ ਦੇਸ਼ ਦੀ ਦ੍ਰਿੜ ਏਕਤਾ ਦੇ ਪ੍ਰਤੀਕ ਹਨ। ਪੱਥਰਾਂ ਦੀ ਚੋਣ ਬਹੁਤ ਸਿਆਣੀ ਸੋਚ ਅਤੇ ਪ੍ਰਯੋਗਾਂ ਬਾਅਦ ਕੀਤੀ ਹੈ ਤਾਂ ਜੋ ਪੌਣ-ਪਾਣੀ ਸੂਰਜ ਆਦਿ ਦਾ ਵਿਨਾਸ਼ਕਾਰੀ ਅਸਰ ਨਾ ਹੋਵੇ। ਇਹ ਸੁਭਾਵਕ ਤੌਰ ਤੇ ਖੁਰਦਰੇ ਰਖੇ ਗਏ ਹਨ ਤਾਂ ਜੋ ਸਾਦਗੀ ਦਾ ਪ੍ਰਭਾਵ ਰਹੇ। ਇਹ ਦੋ ਫੁਟ ਜ਼ਮੀਨ ਦੇ ਅੰਦਰ ਕੰਕਰੀਟ ਵਿਚ ਗੱਡੇ ਹੋਏ ਹਨ। ਇਹ ਨੌਂ ਫੁਟ ਲੰਮੇ ਦੋ ਫੁਟ ਚੌੜੇ ਅਤੇ ਇਕ ਫੁਟ ਮੋਟੇ ਹਨ। ਪੱਥਰਾਂ ਤੇ ਲਿਖਾਈ ੫ ਫੁਟ ਅਤੇ ਛੇ ਫੁਟ ਉਪਰ ਇਕ ਫੁਟ ਹਿੱਸੇ ਵਿਚ ਕੀਤੀ ਗਈ ਹੈ ਤਾਂ ਕਿ ੮-੧੦ ਫੁਟ ਦੂਰੀ ਤੋਂ ਚੰਗੀ ਤਰ੍ਹਾਂ ਪੜ੍ਹੇ ਜਾਣ। ਰੰਗਦਾਰ ਪੱਥਰਾਂ ਵਿਚ ਖੁਦਾਈ ਵਿਚ ਪਾਲਿਸ਼ ਕਰਨ ਨਾਲ ਹੀ ਅੱਖਰ ਉਘੜ ਆਏ ਹਨ ਪਰ ਸਫੈਦ ਪੱਥਰਾਂ ਵਿਚ ਰੰਗ ਭਰਿਆ ਹੈ ਤਾਂ ਕਿ ਵਿਰੋਧਾ-ਭਾਵ ਨਾਲ ਅੱਖਰ ਉਘੜ ਸਕਣ।

ਸ਼ਿਲਾ ਲੇਖਾਂ ਦੀ ਸੀਮਾ ਰੇਖਾ ਇਸ ਤਰ੍ਹਾਂ ਰੱਖੀ ਗਈ ਹੈ ਕਿ ਸਾਹਮਣੇ ਵਾਲੇ ਪਾਸੇ ਚਰਖਾ ਅਤੇ ਪਿਛਲੇ ਪਾਸੇ ਗਊ ਦਾ ਪ੍ਰਤੀਕਾਤਮਕ ਰੂਪ ਬਣਿਆ ਹੈ। ਚਰਖਾ ਬਾਪੂ ਗਾਂਧੀ ਦੀ ਯਾਦ ਅਤੇ ਗਊ ਜਮਨਾ ਲਾਲ ਦੀ ਯਾਦ ਦੀ ਨਿਸ਼ਾਨੀ ਪੱਥਰਾਂ ਵਿਚ ਤਿੰਨ ਇੰਚ ਦਾ ਆਪਸੀ ਫਾਸਲਾ ਰਖਿਆ ਗਿਆ ਹੈ ਤਾਂ ਕਿ ਹਵਾ ਆਉਂਦੀ ਰਹੇ।

ਮੁਖ ਦੁਆਰ ਤੇ ਪ੍ਰਵੇਸ਼ ਕਰਨ ਵੇਲੇ ਸਵਾਸਤਕ ਵਾਂਗ ਬਣੇ ਸਤੰਭ ਤੇ ਵਿਨੋਬਾ ਜੀ ਦੀ ਹੱਥ ਲਿਖਤ ਮਰਾਠੀ ਵਿਚ ਅੰਕਿਤ ਹੈ।

"ਗੀਤਾਈ ਮਾਊਨੀ ਮਾਝੀ ਤਿਚਾ ਮੀ ਬਾਸ਼ਠ ਨੇਣਤਾ ਪੜਤਾਂ ਰੜਤਾਂ ਘੇਈ ਉਚਲੂਨਿ ਕਡੇਵਰੀ"

"ਗੀਤਾਈ ਮੇਰੀ ਮਾਤਾ ਹੈ ਅਤੇ ਮੈਂ ਉਸਦਾ ਨੰਨਾ ਬਾਲਕ, ਜਦੋਂ ਮੈਂ ਡਿਗਦਾ ਹਾਂ ਅਤੇ ਰੋਂਦਾ ਹਾਂ ਤਾਂ ਉਹ ਮੈਨੂੰ ਉਠਾ ਕੇ ਗੋਦ ਵਿਚ ਲੈ ਲੈਂਦੀ ਹੈ।"

ਇਥੇ ਹੀ ਵਿਨੋਬਾ ਜੀ ਦਾ ਵਿਸ਼ਵ ਸੰਦੇਸ਼ "ਸਤਿਯ, ਪ੍ਰੇਮ, ਕਰੁਣਾ" ਅਤੇ ਗੀਤਾਈ ਦਾ ਇਕ ਸ਼ਬਦ ਵਿਚ ਸਾਰ 'ਸਾਮਅਯੋਗ' ਵੀ ਅੰਕਿਤ ਹੈ।

ਮੰਦਰ 'ਚੋਂ ਨਿਕਲੀ ਮਿੱਟੀ ਦਾ ਇਕ ਉੱਚਾ ਟਿੱਲਾ ਬਣਾ ਦਿੱਤਾ। ਗਿਆ ਹੈ ਜਿਥੋਂ ਇਹ ਸਾਰਾ ਏਰੀਆ ਵਧੀਆ ਦਿਸਦਾ ਹੈ। ਇਕ ਝੀਲ ਵੀ ਬਣਾਈ ਗਈ ਹੈ।

੩੫ ਏਕੜ ਵਿਚ ਵਸੇ ਮੰਦਰ ਤੇ ਉਪਬਨ ਦਾ ਉਦਘਾਟਨ ਗੀਤਾਈ ਰਚਨਾ ਦੇ ਪੰਜਾਹ ਸਾਲ ਪੂਰੇ ਹੋਣ ਤੇ ੭ ਅਕਤੂਬਰ ੧੯੮੦ ਨੂੰ ਕੀਤਾ ਗਿਆ।

ਭਾਵੇਂ ਅਸੀਂ ਸੇਵਾ ਗਰਾਮ ਅਜੇ ਨਹੀਂ ਸੀ ਪੁਜੇ ਅਤੇ ਦੋ ਘੰਟੇ ਦਾ ਸਮਾਂ ਲਗ ਵੀ ਚੁੱਕਾ ਸੀ। ਵਾਪਸ ਪਵਨਾਰ ਵੀ ਪਹੁੰਚਣਾ ਸੀ ਦੁਪਹਿਰ ਤੋਂ ਪਹਿਲਾਂ ਪਰ ਗੀਤਾਈ ਮੰਦਰ ਦੀ ਯਾਤਰਾ ਨੂੰ ਅਸੀਂ ਆਪਣੇ ਅਨੁਭਵਾਂ ਦੀ ਦਾਸਤਾਨ ਵਿਚ ਵਿਸ਼ੇਸ਼ ਜੋੜ ਸਮਝਦੇ ਹਾਂ।

ਥੋੜ੍ਹਾ ਕਾਲੋਨੀਆਂ ਵਿਚੋਂ ਤੁਰ ਕੇ ਸਾਨੂੰ ਲੋਕਲ ਬਸ ਮਿਲ ਗਈ ਅਤੇ ਇਹ ਬੁਧੀਜੀਵੀ ਚੌਕੜੀ ਸੇਵਾ ਗਰਾਮ ਪਹੁੰਚ ਗਈ।

**ਸੇਵਾ ਗਰਾਮ**

ਸੇਵਾ ਗਰਾਮ ਪਿੰਡ ਦੇ ਚੌਕ ਤੇ ਅਸੀਂ ਬੱਸ ਤੋਂ ਉਤਰੇ। ਸੱਜੇ ਪਾਸੇ ਨੂੰ ਮਹਾਤਮਾ ਜੀ ਦੇ ਆਸ਼ਰਮ ਨੂੰ ਪੱਕੀ ਸੜਕ ਜਾਂਦੀ ਹੈ। ਖੱਬੇ ਹੱਥ ਲਗਭਗ ਖਾਲੀ ਥਾਂ ਹੈ। ਸੱਜੇ ਇਮਾਰਤਾਂ


Sri Satguru Jagjit Singh Ji eLibrary NamdhariElibrary@gmail.com

ਹਨ। ਗਾਂਧੀ ਸੇਵਾ ਸੰਘ ਵਾਲਿਆਂ ਦਾ ਹੋਸਟਲ, ਕਸਤੂਰਬਾ ਹੋਸਟਲ, ਰਾਵਿੰਦਰਾ ਭਵਨ, ਡਾਕਖਾਨਾ, ਅਨੰਦ ਨਿਕੇਤਨ ਆਦਿ। ਫਿਰ ਖੱਬੇ ਪਾਸੇ ਆਸ਼ਰਮ ਸ਼ੁਰੂ ਹੋ ਜਾਂਦਾ ਹੈ। ਤਾਲੀਮੀ ਸੰਘ ਦੇ ਅਹਾਤੇ ਤੋਂ ਅਗੇ ਮੁਖ ਕੁਟੀਆਵਾਂ ਆਉਂਦੀਆਂ ਹਨ। ਤਾਲੀਮੀ ਸੰਘ ਤੋਂ ਪਹਿਲਾਂ ਗਊ ਆਸ਼ਰਮ ਸੀ। ਜਿਸ ਵਿਚ ਵਧੀਆ ਗਊਆਂ ਖੜੀਆਂ ਸਨ।

ਆਸ਼ਰਮ ਵਿਚ ਦਾਖਲ ਹੁੰਦਿਆਂ ਸਭ ਤੋਂ ਪਹਿਲਾਂ ਸੱਜੇ ਹੱਥ ਦਫਤਰ ਤੇ ਖਾਦੀ ਵਾਲਿਆਂ ਦੀ ਦੁਕਾਨ ਆਉਂਦੇ ਹਨ। ਉਸ ਬਾਅਦ ਕੁਟੀਆਵਾਂ ਦਾ ਸਿਲਸਿਲਾ ਹੈ।

ਸੰਨ ੧੯੩੩ ਵਿਚ ਜੇਲ੍ਹ 'ਚੋਂ ਰਿਹਾ ਹੋਣ ਬਾਅਦ ਮਹਾਤਮਾ ਗਾਂਧੀ ਨੇ ਆਤਮ ਸ਼ੁਧੀ ਵਾਸਤੇ ਵਰਤ ਰਖਿਆ। ਉਸ ਵੇਲੇ ਉਹ ਗੁਜਰਾਤ ਵਿਚ ਸਾਬਰਮਤੀ ਆਸ਼ਰਮ ਵਿਚ ਰਹਿੰਦੇ ਹੁੰਦੇ ਸਨ। ਫਿਰ ਉਹ ਪ੍ਰਸਿੱਧ ਡੰਡੀ ਕੂਚ ਵਾਸਤੇ ਜਦੋਂ ਚਲੇ ਤਾਂ ਉਹਨਾਂ ਪ੍ਰਣ ਕੀਤਾ ਕਿ ਉਹ ਸਵਰਾਜ ਲਏ ਬਿਨਾਂ ਵਾਪਸ ਸਾਬਰਮਤੀ ਨਹੀਂ ਆਉਣਗੇ। ਜਮਨਾ ਲਾਲ ਬਜਾਜ ਨੇ ਆਪਣੀ 'ਰਿਆਸਤ' ਵਰਧਾ ਵਿਚ ਰਹਿਣ ਦਾ ਸੱਦਾ ਦਿੱਤਾ। ਬਸ ਇਸ ਤਰ੍ਹਾਂ ਇਹ ਸੇਵਾ ਗਰਾਮ ਦਾ ਨਵਾਂ ਆਸ਼ਰਮ ਹੋਂਦ ਵਿਚ ਆਇਆ।

ਵਿਨੋਭਾ ਜੀ ਦਾ ਪਵਨਾਰ ਆਸ਼ਰਮ ਜਿਥੇ ਪੱਕਾ ਹੈ। ਉਥੇ ਸੇਵਾ ਗਰਾਮ ਦੀਆਂ ਕੁਟੀਆਵਾਂ ਕੱਚੀਆਂ ਹਨ। ਪੋਚਾ ਦੇ ਕੇ ਬਹੁਤ ਸਫਾਈ ਨਾਲ ਰੱਖੀਆਂ ਗਈਆਂ ਹਨ। ਪਹਿਲਾਂ ਆਦਿ ਕੁਟੀ ਆਉਂਦੀ ਹੈ ਜਿਥੇ ਗਾਂਧੀ ਜੀ ਪਹਿਲਾਂ ਰਹੇ ਫੇਰ ਬਾਪੂ ਕੁਟੀ ਜਿਥੇ ਉਹ ਬਾਅਦ ਵਿਚ ਰਹੇ ਅਤੇ ਹੋਰ ਮਹਿਮਾਨਾਂ ਯਾਤਰੂਆਂ ਵਾਸਤੇ ਬਣੀਆਂ ਕੁਟੀਆਵਾਂ ਹਨ। ਸੇਵਾ ਗਰਾਮ ਆਸ਼ਰਮ ਦੀ ਮੁੱਖ ਗੱਲ ਏਥੋਂ ਦੀ ਸਾਦਗੀ ਤੇ ਏਕਾਂਤ ਹੈ। ਕੁਟੀਆਵਾਂ ਦੇ ਬਾਹਰ ਸੁਕੀ ਬਜਰੀ ਪਈ ਹੈ ਤਾਂ ਕਿ ਘੱਟਾ ਨਾ ਚੜ੍ਹੇ। ਹਰੇ ਭਰੇ ਦਰਖਤਾਂ ਵਿਚ ਘਿਰਿਆ ਇਹ ਆਸ਼ਰਮ ਕਾਂਗਰਸ ਅੰਦੋਲਨ ਅਤੇ ਮਹਾਤਮਾ ਗਾਂਧੀ ਦੇ ਸੰਘਰਸ਼ ਦੀ ਮੂਕ ਕਹਾਣੀ ਸੁਣਾਉਂਦਾ ਹੈ। ਕੁਟੀਆਵਾਂ ਵਿਚ ਗਾਂਧੀ ਜੀ ਦੀਆਂ ਨਿੱਜੀ ਵਸਤਾਂ ਸਾਂਭ ਕੇ ਰਖੀਆਂ ਗਈਆਂ ਹਨ। ਬਾਪੂ ਦਾ ਸ਼ਨਾਨ ਅਸਥਾਨ, ਮਾਲਿਸ਼ ਕਰਨ ਦਾ ਲੱਕੜੀ ਦਾ ਮੇਜ਼, ਰਸੋਈ ਘਰ, ਬੈਠਣ ਦਾ ਅਸਥਾਨ ਵੇਖਣ ਨੂੰ ਬਹੁਤ ਹੀ ਭਾਵੇਂ ਸਾਧਾਰਨ ਸਮਾਨ ਵਾਲਾ ਹੋਵੇ ਪਰ ਜਿਵੇਂ ਸਾਂਭ ਕੇ ਰੱਖਿਆ ਗਿਆ ਹੈ ਉਸ ਤੋਂ ਗਾਂਧੀ ਜੀ ਦੀ ਮੌਜੂਦਗੀ ਦਾ ਝੌਲਾ ਪੈਂਦਾ ਹੈ। ਗਾਂਧੀ ਜੀ ਦੀ ਕੁਟੀਆ ਦੇ ਬਾਹਰਲੇ ਇਕ ਭਾਗ ਵਿਚ ਉਹਨਾਂ ਦਾ ਅਧਿਐਨ ਸਥਾਨ ਹੈ। ਉਥੇ ਉਹਨਾਂ ਦੇ ਵੇਲਿਆਂ ਦੀ ਇਕ ਪੁਰਾਣੀ ਲਾਲਟੈਨ ਰੱਖੀ ਹੈ। ਇਕ ਤੱਕੀਆ ਹੈ। ਪਰੇ ਇਕ ਪੋਥੀ ਹੈ। ਵਿਦਵਾਨਾਂ ਅਤੇ ਦਾਰਸ਼ਨਿਕਾਂ ਦੀਆਂ ਟੂਕਾਂ ਲਿਖੀਆਂ ਪਈਆਂ ਹਨ। ਇਕ ਟੂਕ ਜੀ. ਸੀ. ਲੈਰੀਮੈਨ ਦੀ ਹੈ ਉਹ ਇਹ ਹੈ—

"When you are in the right you can afford to keep your temper and when you are in the wrong you can not afford to loose it."

"ਜਦੋਂ ਤੁਸੀਂ ਸਹੀ ਹੁੰਦੇ ਹੋ ਤਾਂ ਤੁਸੀਂ ਆਪਣੇ ਗੁੱਸੇ ਤੇ ਕੰਟਰੋਲ ਕਰ ਸਕਦੇ ਹੋ ਜਦੋਂ ਤੁਸੀਂ ਗਲਤ ਹੁੰਦੇ ਹੋ ਤਾਂ ਗੁੱਸਾ ਕਰਨਾ ਤੁਹਾਨੂੰ ਪੁਗਦਾ ਹੀ ਨਹੀਂ।"

ਬਾਪੂ ਕੁਟੀਆ ਦੇ ਸੰਰਖਿਅਕ ਮਾਧਉ ਬਹੁਤ ਹੀ ਸਿਆਣੇ ਨਿਰਮਾਨ ਪਿਆਰੇ ਤੇ ਸਪੱਸ਼ਟ ਸੱਜਨ ਸਨ। ਉਹਨਾਂ ਸਾਰੀਆਂ ਗੱਲਾਂ ਬਾਤਾਂ ਸਾਨੂੰ ਬਹੁਤ ਇਕਾਗਰਤਾ ਨਾਲ ਦੱਸੀਆਂ।

ਅੰਦਰ ਜਾ ਕੇ ਬਾਪੂ ਦੀ ਸੰਡਾਸ (ਟੱਟੀ) ਦਾ ਅਸਥਾਨ ਦਿਖਾ ਰਹੇ ਸਨ। ਉਹਨਾਂ ਦੱਸਿਆ ਕਿ ਬਾਪੂ ਆਪਣੀ ਟੱਟੀ ਆਪ ਸਾਂਭਦੇ ਸਨ। ਉਥੇ ਬਰਤਨ ਵਿਚ ਗੰਦ ਜਾਂਦਾ ਉਸ ਨੂੰ ਮਹਾਤਮਾ ਧੋ ਕੇ ਸਾਫ ਕਰਦੇ। ਮਹਾਤਮਾ ਦੇ ਇਕ ਅਮਰੀਕਨ ਭਗਤ ਸਨ ਜਿਨ੍ਹਾਂ ਨੇ ਵਲਾਇਤੀ ਸੀਟ ਫਲਸ਼ ਟੱਟੀ ਵਾਸਤੇ ਲਿਆਂਦੀ। ਮਹਾਤਮਾ ਕਹਿਣ, ਮੈਂ ਇਹ ਨਹੀਂ ਵਰਤਣੀ। ਪਰ ਇਕ ਵਾਰ ਜਦੋਂ ਮਹਾਤਮਾ ਜੀ ਕਿਤੇ ਕੁਝ ਸਮੇਂ ਵਾਸਤੇ ਬਾਹਰ ਗਏ ਤਾਂ ਆਉਂਦਿਆਂ ਨੂੰ ਉਹਨਾਂ ਵੇਖਿਆ ਕੇ ਉਹ ਸੀਟ ਬਾਕਾਇਦਾ ਉਥੇ ਸਥਾਪਤ ਹੋ ਚੁੱਕੀ ਹੈ। ਬਾਪੂ ਜੀ ਆਪਣੇ ਅਮਰੀਕਨ ਚੇਲੇ ਤੇ ਬਹੁਤ ਖਫਾ ਹੋਏ। ਇਸ ਤੇ ਉਹ ਸੱਜਨ ਬਹੁਤ ਨਾਰਾਜ਼ ਹੋ ਗਏ ਤੇ ਉਹਨਾਂ ਬਾਪੂ ਉੱਤੇ ਬਾਪੂ ਦਾ ਹੀ ਹਥਿਆਰ ਵਰਤਿਆ। ਭੁੱਖ ਹੜਤਾਲ ਕਰ ਦਿੱਤੀ। ਅਖੇ ਇਕ ਤਾਂ ਵਧੀਆ ਕੰਮ ਕੀਤਾ ਹੈ ਉਪਰੋਂ ਝਿੜਕਾਂ ਖਾਧੀਆਂ ਹਨ। ਅੰਤ ਬਾਪੂ ਜੀ ਨੂੰ ਮੰਨਣਾ ਪਿਆ ਪਰ ਉਸ ਟੱਟੀ ਵਿਚ ਇਕ ਫੱਟੀ ਲਿਖ ਕੇ ਲਾ ਦਿੱਤੀ ਕਿ ਇਹ ਸੀਟ ਤਜਰਬੇ ਵਾਸਤੇ ਲਾਈ ਗਈ ਹੈ।

ਇਹ ਗੱਲ ਸੁਣ ਕੇ ਪ੍ਰੀਤਮ ਸਿੰਘ ਕਵੀ ਕਹਿਣ ਲੱਗੇ ਇਹ ਤਾਂ ਉਹ ਹੀ ਗੱਲ ਹੋਈ ਨਾ ਜੋ ਬਾਹਰ ਲਿਖੀ ਹੈ। ਮਾਧਓ ਹੱਸ ਕੇ ਕਹਿਣ ਲੱਗੇ ਹਾਂ ਉਹ ਹੀ ਗੱਲ। ਸਾਨੂੰ ਪਤਾ ਨਾ ਲੱਗਾ ਕਿ ਕੀ ਗੱਲ। ਅਸਲ ਵਿਚ ਇਹ ਰਸਕਿਨ ਦੀ ਇਕ ਪਿਆਰੀ ਟੂਕ ਸੀ ਜੋ ਅੰਗਰੇਜ਼ੀ ਅਤੇ ਹਿੰਦੀ ਵਿਚ ਲਿਖ ਕੇ ਬਾਹਰ ਲਾਈ ਹੋਈ ਸੀ। ਇਹ ਮਹਾਤਮਾ ਜੀ ਦੇ ਵੇਲੇ ਦੀ ਹੀ ਸੀ। ਉਹ ਇਵੇਂ ਹੈ।

**ਸੂਖਮ ਅਸੱਤ**

"ਅਸੱਤ (ਝੂਠ) ਬੋਲਣ ਦਾ ਮਰਮ ਧੋਖਾ ਦੇਣ ਵਿਚ ਹੈ ਨਾ ਕਿ ਸ਼ਬਦਾਂ ਵਿਚ। ਅਸੱਤ ਬੋਲਿਆ ਜਾ ਸਕਦਾ ਹੈ, ਚੁੱਪ (ਮੌਨ) ਨਾਲ, ਕੂਟ ਭਾਸ਼ਾ ਨਾਲ, ਇਕ ਸ਼ਬਦ ਤੇ ਜ਼ੋਰ ਦੇਣ ਨਾਲ, ਵਾਕ ਨੂੰ ਵਿਸ਼ੇਸ਼ ਅਰਥ ਮਿਲੇ ਐਸੇ ਅੱਖ ਦੇ ਇਸ਼ਾਰੇ ਨਾਲ।

ਇਹ ਅਸੱਤ ਸਪੱਸ਼ਟ ਸ਼ਬਦਾਂ ਵਿਚ ਕਹੇ ਗਏ ਅਸੱਤ ਦੀ ਬਜਾਇ ਕਈ ਗੁਣਾਂ ਜ਼ਿਆਦਾ ਬੁਰੇ ਅਤੇ ਨਿੰਦਨੀਯ



Sri Satguru Jagjit Singh Ji eLibrary NamdhariElibrary@gmail.com

ਹਨ—ਰਸਕਿਨ”

ਕਵੀ ਜੀ ਨੇ ਬੜੇ ਕਸੂਤੇ ਮੌਕਿਓਂ ਫੜਿਆ ਸੀ ਪਰ ਇਹ ਮਾਧਓ ਦੀ ਵਿਸ਼ਾਲਤਾ ਸੀ ਕਿ ਉਹਨੇ ਜ਼ਰਾ ਵੀ ਸਫਾਈ ਪੇਸ਼ ਨਹੀਂ ਕੀਤੀ ਅਤੇ ਗੱਲ ਮੰਨ ਲਈ।

ਮਹਾਤਮਾ ਗਾਂਧੀ ਵਿਚ ਵੀ ਸਿਫਤ ਸੀ ਕਿ ਆਪਣੇ ਆਪ ਨੂੰ ਗਲਤੀ ਦਾ ਪੁਤਲਾ ਸਮਝਦੇ ਸਨ। ਹੋ ਸਕਦਾ ਹੈ ਉਹਨਾਂ ਉਹ ਸੀਟ ਤਜਰਬੇ ਦੇ ਤੌਰ ਤੇ ਲਾਈ ਹੋਵੇ ਪਰ ਜੇ ਰਸਕਿਨ ਦੀ ਟੂਕ ਦਾ ਉਹਨਾਂ ਆਪਣੇ ਕਿਰਦਾਰ ਨਾਲ ਕੋਈ ਸੰਬੰਧ ਸਮਝਿਆ ਹੁੰਦਾ ਤਾਂ ਉਹ ਜ਼ਰੂਰ ਕੁਝ ਕਰਦੇ।

ਦੱਸਿਆ ਗਿਆ ਕਿ ਇਸ ਆਸ਼ਰਮ ਵਿਚ ਸੱਪ ਬਹੁਤ ਹੁੰਦੇ ਅਤੇ ਅੱਜਕਲ ਵੀ ਕਦੀ ਕੋਈ ਆ ਜਾਂਦਾ ਹੈ। ਮਹਾਤਮਾ ਸੱਪ ਮਾਰਨ ਦੇ ਵਿਰੁਧ ਸਨ। ਉਂਜ ਹੀ ਉਹ ਜੀਵ ਹੱਤਿਆ ਦੇ ਵਿਰੁੱਧ ਹਨ। ਵੈਸੇ ਤਾਂ ਸੱਪ ਕੁਝ ਕਹਿੰਦਾ ਨਹੀਂ ਆਦਮੀ ਨੂੰ। ਕੋਈ ਖਾਸ ਕਿਸਮ ਤੇ ਜ਼ਹਿਰੀਲੇ ਸੱਪ ਹੀ ਖਤਰਨਾਕ ਹੁੰਦੇ ਹਨ।

ਮੇਰਾ ਪ੍ਰਸ਼ਨ ਸੀ ਤੁਸੀਂ ਸੱਪ ਨੂੰ ਕਿਵੇਂ ਫੜਦੇ ਹੋ। ਮਾਧਓ ਕਹਿਣ ਲੱਗੇ ਆਓ ਤੁਹਾਨੂੰ ਦਿਖਾਉਂਦੇ ਹਾਂ। ਉਨ੍ਹਾਂ ਇਕ ਛੇ ਸੱਤ ਫੁਟ ਲੰਮੀ ਲਕੜ ਦੀ ਸੰਨੀ, ਵਿਖਾਈ ਜਿਸ ਨਾਲ ਦੂਰੋਂ ਹੀ ਸੱਪ ਨੂੰ ਫੜਿਆ ਜਾ ਸਕਦਾ ਸੀ।

ਆਸ਼ਰਮ ਵਿਚ ਅਜੇ ਵੀ ਪੁਰਾਣੇ ਸੰਗਰਾਮੀਆਂ ਵਿਚੋਂ ਬਜ਼ੁਰਗੀ ਦੀ ਹਾਲਤ ਵਿਚ ਕੁਝ ਗਾਂਧੀ ਜੀ ਦੇ ਸਾਥੀ ਰਹਿੰਦੇ ਹਨ। ਇਹਨਾਂ 'ਚੋਂ ਇਕ ਸ਼ਾਂਤੀ ਲਾਲ ਸ਼ਾਹ ਦੇ ਅਸੀਂ ਦਰਸ਼ਨ ਕੀਤੇ। ਗਾਂਧੀ ਜੀ ਦੇ ਪਰਿਵਾਰ 'ਚੋਂ ਉਹਨਾਂ ਦੀ ਇਕ ਨੂੰਹ ਵੀ ਇਕ ਹੋਰ ਕੁਟੀਆ ਵਿਚ ਨਿਵਾਸ ਰਖਦੇ ਹਨ। ਸਾਡੀ ਯਾਤਰਾ ਨੂੰ ਆਸ਼ਰਮ ਨਿਵਾਸੀਆਂ ਅਤੇ ਪ੍ਰਬੰਧਕਾਂ ਨੇ ਬਹੁਤ ਨਿਘ ਅਤੇ ਪਿਆਰ ਨਾਲ ਸਤਿਕਾਰਿਆ। ਵਾਪਸੀ ਤੋਂ ਪਹਿਲਾਂ ਖਾਦੀ ਭੰਡਾਰ ਤੋਂ ਅਸੀਂ ਕੁਝ ਵਸਤਾਂ, ਕੰਬਲ, ਚਦਰਾਂ ਆਦਿ ਖਰੀਦੀਆਂ ਤੇ ਬੱਸ ਰਾਹੀਂ ਦੁਪਹਿਰ ਤੱਕ ਮੁੜ ਪਵਨਾਰ ਆਸ਼ਰਮ ਪੁੱਜ ਗਏ।

ਬੀਬੀ ਨਿਰਮਲਾ ਨੇ ਵਿਨੋਬਾ ਜੀ ਤੋਂ ਆਗਿਆ ਲੈ ਕੇ ਸਾਡੀ ਮੁਲਾਕਾਤ ਦਾ ਵਕਤ ਤੈ ਕੀਤਾ ਹੋਇਆ ਸੀ। ਮੁਲਾਕਾਤ ਦੇ ਸਮੇਂ ਵਿਨੋਬਾ ਜੀ ਦੇ ਨਿਜੀ ਕਮਰੇ ਵਿਚ ਅਸੀਂ ਗਏ ਹੋਰ ਵੀ ਵਿਅਕਤੀ ਬੈਠੇ ਸਨ। ਸਾਡੇ ਪੰਜਾਬ ਦੇ ਸਰਵੋਦਯ ਵਰਕਰ ਹੁਸ਼ਿਆਰਪੁਰ ਦੇ ਸ੍ਰੀ ....... ਨੇ ਸਾਡੇ ਬਾਰੇ ਵੱਡਾ ਸਾਰਾ ਪਰੀਚੈ ਪੱਤਰ ਵਿਨੋਬਾ ਜੀ ਨੂੰ ਦਿੱਤਾ। ਇਸ ਵਿਚ ਨਾਮਧਾਰੀ ਇਤਿਹਾਸ ਸੀ। ਇਹ ਲਿਖਿਆ ਕਿ ਉਹਨਾਂ ਦੇ ਪ੍ਰੋਗਰਾਮ ਨੂੰ ਹੁਣ ਵੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦਾ ਬਹੁਤ ਸਹਿਯੋਗ ਪ੍ਰਾਪਤ ਹੈ। ਵਿਨੋਬਾ ਜੀ ਨੇ ਪੱਤਰ ਬਹੁਤ ਗਹੁ ਨਾਲ ਪੜ੍ਹਿਆ ਫੇਰ ਵਜਦ ਵਿਚ ਆ ਕੇ ਪੱਟਾਂ ਤੇ ਹੱਥ ਮਾਰਨ ਲੱਗ ਪਏ, ਖੁਸ਼ ਹੋ ਗਏ। ਬੋਲ ਕੁਝ ਨਹੀਂ ਸੀ ਰਹੇ। ਅਸਾਂ ਆਸ਼ਰਮ ਤੋਂ ਖਰੀਦੀਆਂ ਵਿਨੋਬਾ ਜੀ ਦੀਆਂ ਪੁਸਤਕਾਂ ਤੇ ਉਹਨਾਂ ਦੇ ਦਸਤਖਤ ਕਰਾਏ। ਬਗੈਰ ਗੱਲ-ਬਾਤ ਤੋਂ ਅਸੀਂ ਉਥੇ ਜ਼ਿਆਦਾ ਦੇਰ ਬੈਠਣਾ ਮੁਨਾਸਬ ਨਾ ਸਮਝਿਆ। ਇੰਨੀ ਦੇਰ ਨੂੰ ਇਕ ਨਾਂਗੇ ਸਾਧੂਆਂ ਦੇ ਗੁਰੂ ਉਥੇ ਆ ਗਏ ਸਨ। ਅਸੀਂ ਵਿਦਾ ਲਈ ਤੇ ਬਾਹਰ ਆਏ। ਫਿਰ ਥੋੜ੍ਹੀ ਦੇਰ ਅਸੀਂ ਮੰਦਰ ਵਿਚ ਗਏ। ਦੱਸਿਆ ਗਿਆ ਕਿ ਕਿਤੇ ਵੀ ਭਰਤ ਦਾ ਮੰਦਰ ਨਹੀਂ। ਇਥੇ ਭਰਤ ਜੀ ਦੀ ਮੂਰਤੀ ਰਖੀ ਗਈ ਹੈ। ਇਸ ਜਗ੍ਹਾ ਤੋਂ ਖੁਦਾਈ ਵੇਲੇ ਮੂਰਤੀਆਂ ਨਿਕਲੀਆਂ ਸਨ। ਉਹਨਾਂ ਨੂੰ ਮੰਦਰ ਵਿਚ ਹੀ ਵੱਖ ਵੱਖ ਥਾਵਾਂ ਤੇ ਲਗਾ ਦਿੱਤਾ ਹੈ।

ਸਾਨੂੰ ਕਾਰ ਰਾਹੀਂ ਦੱਤਾ ਆਸ਼ਰਮ ਪਹੁੰਚਾ ਦਿੱਤਾ ਗਿਆ। ਸਾਡੀ ਦੌੜ ਸੀ ਕਿ ਛੇਤੀ ਨਾਗਪੁਰ ਪਹੁੰਚ ਕੇ ਸ਼ਾਮ ਦੀ ਗੱਡੀ ਭੂਪਾਲ ਦੀਆਂ ਸੀਟਾਂ ਦਾ ਪ੍ਰਬੰਧ ਕਰੀਏ ਰੇਲਵੇ ਸੰਪਰਕ ਵਾਲੇ ਵਿਅਕਤੀ ਦਾ ਨਾਮ ਸਾਡੇ ਕੋਲ ਸੀ। ਦੱਤਾ ਆਸ਼ਰਮ ਬਾਹਰ ਸਮਾਨ ਲੈ ਕੇ ਖੜ੍ਹਿਆਂ ਨੂੰ ਨਾ ਨਾਗਪੁਰ ਦੀ ਬੱਸ ਮਿਲੇ ਨਾ ਵਰਧਾ ਬੱਸ ਸਟੈਂਡ ਦੀ। ਅਚਾਨਕ ਇਕ ਕਾਰ ਆਈ।

ਦਲੀਪ ਸਿੰਘ ਨੇ ਹੱਥ ਦੇ ਕੇ ਰੋਕੀ। ਅਸੀਂ ਚਾਹੁੰਦੇ ਸਾਂ ਕਿ ਅੱਡੇ ਤੱਕ ਛੱਡ ਆਵੇ। ਖਾਲੀ ਕਾਰ ਤਾਂ ਨਾਗਪੁਰ ਜਾ ਰਹੀ ਸੀ। ਸਾਡਾ ਕੰਮ ਬਣ ਗਿਆ।

ਕਾਰ ਵਿਚ ਬੈਠਿਆਂ ਮੈਂ ਸਾਥੀਆਂ ਨੂੰ ਕਿਹਾ ਤੁਸਾਂ ਕੋਈ ਗੱਲ ਨੋਟ ਕੀਤੀ ਹੈ। ਕਹਿਣ ਲਗੇ ਕਿਹੜੀ— ਮੈਂ ਦੱਸਿਆ, 'ਸੜਕ ਤੇ ਖਲੋਤਿਆਂ ਸਵਾਰੀ ਨਾ ਮਿਲਣ ਤੇ ਮੈਂ ਕਿਹਾ ਸੀ ਸਤਿਗੁਰਾਂ ਨੂੰ ਚਾਹੀਦਾ ਹੈ ਅਜਿਹੇ ਡੈਲੀਗੇਸ਼ਨਾਂ ਵਾਸਤੇ ਇਕ ਕਾਰ ਦਾ ਪ੍ਰਬੰਧ ਜ਼ਰੂਰ ਕਰਿਆ ਕਰਨ।'

'ਹਾਂ ਕਿਹਾ ਸੀ।'

ਕਵੀ ਜੀ ਨੇ ਕਿਹਾ ਸੀ। ਆਪ ਜੀ ਤਾਂ ਖੁਦ ਚਾਹੁੰਦੇ ਹਨ ਕਿ ਐਸਾ ਹੋਵੇ।

"ਤੇ ਉਹਨਾਂ ਕਾਰ ਦਾ ਪ੍ਰਬੰਧ ਕਰ ਦਿੱਤਾ ਹੈ।"

ਸਨਖਤਰਾ ਜੀ ਇਹ ਸੁਣ ਕੇ ਮਸਤੀ ਵਿਚ ਆ ਗਏ।

ਵਰਧਾ ਸਟੇਸ਼ਨ ਤੇ ਸਾਡਾ ਸਫਾਰਸ਼ੀ ਅਧਿਕਾਰੀ ਨਾ ਮਿਲਿਆ। ਜਿਹੜਾ ਵਿਅਕਤੀ ਮਿਲਿਆ ਉਹ ਸਾਨੂੰ ਵੇਖ ਪੰਜਾਬੀ ਵਿਚ ਗੱਲਾਂ ਕਰੇ, ਮਰਹਟਾ ਸੀ। ਕਹੇ ਮੈਂ ਲਾਹੌਰ ਰਿਹਾ ਹਾਂ। ਅਸੀਂ ਭੂਪਾਲ ਦੀ ਸੀਟ ਮੰਗੀਏ ਉਹ ਦਿੱਲੀ ਦੀ ਦੇਵੇ। ਅਸੀਂ ਕਿਸੇ ਐਕਸਪਰੈਸ ਦੀ ਗੱਲ ਕਰੀਏ। ਉਹ ਜੈਂਤੀ ਐਕਸਪਰੈਸ ਦੀ ਕਰੇ।

ਜਦੋਂ ਅਸੀਂ ਭੂਪਾਲ ਦਾ ਪ੍ਰੋਗਰਾਮ ਛੱਡ ਕੇ ਅਗਲੇ ਦਿਨ ਹੀ ਦਿੱਲੀ ਪੁਜ ਗਏ ਤਾਂ ਮਿਲਣ ਵਾਲਿਆਂ ਨੂੰ ਯਕੀਨ ਨਾ ਆਵੇ ਕਿ ਅਸੀਂ ਵਰਧਾ ਤੋਂ ਹੋ ਆਏ ਹਾਂ। ❐


Sri Satguru Jagjit Singh Ji eLibrary NamdhariElibrary@gmail.com

# ਵਰਿਆਮ ਦੀ ਗਲ

**—ਸਰਵਨ ਸਿੰਘ 'ਜ਼ਫ਼ਰ'**

ਸ. ਸਰਵਨ ਸਿੰਘ ਜ਼ਫ਼ਰ ਪੰਜਾਬੀ ਦੇ ਸੀਨੀਅਰ ਪੱਤਰਕਾਰ ਹਨ। ਰੋਜ਼ਾਨਾ ਨਵਾਂ ਜ਼ਮਾਨਾ, ਸਪਤਾਹਕ ਸੰਦੇਸ਼ ਅਤੇ ਦੇਸ ਪ੍ਰਦੇਸ ਸਾਊਥਾਲ ਲੰਡਨ ਵਿਚ ਉਹਨਾਂ ਪੱਤਰਕਾਰੀ ਦੀ ਸੇਵਾ ਕੀਤੀ ਹੈ। ਵੱਖ-ਵੱਖ ਅਖਬਾਰਾਂ ਵਿਚ ਉਨ੍ਹਾਂ ਦੇ ਲੇਖ ਲਗਾਤਾਰ ਛਪਦੇ ਹਨ। ਹਥਲਾ ਲੇਖ ਉਹਨਾਂ ਨੇ ਨਾਮਧਾਰੀ ਸੈਂਟਰ ਸਾਊਥਾਲ ਵਿਚ ਵਰਿਆਮ ਸਿਲਵਰ ਜੁਬਲੀ ਸਮਾਰੋਹ ਸਮੇਂ ਮਿਤੀ ੧੭ ਸਤੰਬਰ ੨੦੦੦ ਨੂੰ ਪੜ੍ਹਿਆ।

ਮੈਂ ਸੰਪਾਦਕ ਸ. ਜਗਦੀਸ਼ ਸਿੰਘ ਵਰਿਆਮ ਅਤੇ ਉਹਨਾਂ ਦੇ ਮਾਸਕ ਰਸਾਲੇ "ਵਰਿਆਮ" ਦੀ ਗੱਲ ਕਰਨ ਲੱਗਾ ਹਾਂ।

ਸ਼ਹਿਰੋਂ ਪਿੰਡ ਦਾ ਕਿੰਨਾ ਪੈਂਡਾ
ਰੋਜ਼ ਦਿਹਾੜੀ ਵਧ ਜਾਂਦਾ ਹੈ।

ਇਹ ਸਤਰਾਂ ਵਰਿਆਮ ਵਿਚ ਕਿਸੇ ਥਾਂ ਫਲੈਸ਼ ਹੋਈਆਂ ਲੱਭਦੀਆਂ ਹਨ। ਪੈਂਡਾ ਪਿੱਛੋਂ ਸ਼ਹਿਰ ਦਾ, ਦੇਸ਼ ਤੇ ਬਦੇਸ਼ ਦਾ ਵੀ ਅਤੇ ਮਨੁੱਖ ਤੇ ਮਨੁੱਖ ਤੱਕ ਦਾ ਵੀ ਉਹ ਹੀ ਹੈ। ਦੁੱਖ ਇਸ ਗੱਲ ਦਾ ਹੈ ਕਿ ਇਹ ਪੈਂਡਾ ਵਧਦਾ ਕਿਉਂ ਜਾ ਰਿਹੈ, ਜਦੋਂ ਕਿ ਵਿਗਿਆਨ ਨੇ ਤਾਂ ਦੁਨੀਆ ਛੋਟੀ ਬਣਾ ਦਿੱਤੀ ਹੈ?

ਦੋਸਤ ਜਗਦੀਸ਼ ਸਿੰਘ ਵਰਿਆਮ ਹੁਰੀਂ ਆਪਣੇ ਮਾਸਕ ਰਸਾਲੇ ਵਿਚ ਅਜਿਹੇ ਇਸ਼ਾਰੇ ਆਮ ਹੀ ਕਰਦੇ ਰਹਿੰਦੇ ਹਨ। ਮਨੁੱਖ ਤੇ ਮਨੁੱਖ ਤੱਕ ਦਾ ਪੈਂਡਾ ਹੈ ਜਾਂ ਇਹ ਜੀਵਨ ਸੰਘਰਸ਼ ਹੈ ਜੋ ਆਮ ਤੌਰ ਤੇ ਔਖਿਆਈਆਂ ਭਰਿਆ ਹੀ ਹੁੰਦਾ ਹੈ। ਸੌਖਾ ਸੌਖਾ ਤਾਂ ਕਿਸੇ ਕਿਸੇ ਦੇ ਹਿੱਸੇ ਆਉਂਦਾ ਹੈ। "ਵਰਿਆਮ" ਨੇ ਇਸ ਪੈਂਡੇ ਦੇ ੨੫ ਵਰ੍ਹੇ ਪੂਰੇ ਕਰ ਲਏ ਹਨ। ਮਤਲਬ ਜਗਦੀਸ਼ ਸਿੰਘ ਹੁਰੀਂ ਇਸ ਨੂੰ ਸਿਲਵਰ ਜੁਬਲੀ ਵਰ੍ਹੇ ਵਿਚ ਲੈ ਆਏ ਹਨ।

ਇਕ ਸਵਾਲ ਹੈ-ਉਹਨਾਂ ਇਸ ਸਾਰੇ ਲੰਬੇ ਸਫਰ ਨੂੰ ਤੈਅ ਕਰਨ ਲਈ ਰੌਸ਼ਨੀ ਕਿਥੋਂ ਲਈ ? ਇਹ ਦਾਅਵੇ ਨਾਲ ਕਿਹਾ ਜਾ ਸਕਦੈ ਕਿ ਇਹ ਰੌਸ਼ਨੀ ਤਾਂ ਨਾਮਧਾਰੀ ਇਤਿਹਾਸ ਦੀ ਰੌਸ਼ਨੀ ਹੈ। ਇਤਿਹਾਸ ਜੋ ਭਾਰਤ ਦੀ ਆਜ਼ਾਦੀ ਦੇ ਪਹਿਲੇ ਕੌਮੀ ਅੰਦੋਲਨ ਵਜੋਂ ਸ਼ੁਰੂ ਹੋਇਆ, ਅੰਦੋਲਨ ਜਿਸ ਨੇ ਭਾਰਤ ਦੀ ਸਮੁੱਚੀ ਆਜ਼ਾਦੀ ਲਹਿਰ ਨੂੰ ਪ੍ਰਭਾਵਤ ਕੀਤਾ ਅਤੇ ਉਸ ਸਮੇਂ ਦੇ ਢਹਿ ਰਹੇ ਸਿਖ ਭਾਈਚਾਰੇ ਨੂੰ ਪੁਰਾਤਨ ਸਿਖ ਰਵਾਇਤਾਂ ਨਾਲ ਜੋੜਿਆ। ਇਹ ਕਹਿਣਾ ਵੀ ਗਲਤ ਨਹੀਂ ਕਿ ਨਾਮਧਾਰੀ ਪੰਥ ਅੱਜ ਵੀ ਵੱਖ-ਵੱਖ ਖੇਤਰਾਂ ਵਿਚ ਨਵੀਆਂ ਰਵਾਇਤਾਂ ਕਾਇਮ ਕਰ ਰਿਹਾ ਹੈ। ਧਰਮ ਰਾਜਨੀਤੀ, ਸਭਿਆਚਾਰ, ਸਾਹਿਤ, ਕਲਾ-ਸੰਗੀਤ, ਇਥੋਂ ਤੱਕ ਕਿ ਖੇਡਾਂ ਦੇ ਮੈਦਾਨ ਵਿਚ ਵੀ ਅਗਵਾਨੂੰ ਰੋਲ ਅਦਾ ਕਰ ਰਿਹਾ ਹੈ। ਦੇਸ਼ ਦੀਆਂ ਤਰੱਕੀ ਪਸੰਦ ਲਹਿਰਾਂ ਨਾਲ ਨਾਮਧਾਰੀ ਪੰਥ ਦੇ ਸਭ ਤੋਂ ਨੇੜੇ ਦੇ ਸੰਬੰਧ ਸਦਾ ਹੀ ਕਾਇਮ ਰਹੇ ਹਨ। ਪੰਜਾਬੀ ਭਾਸ਼ਾ, ਪੰਜਾਬੀ ਸਾਹਿਤ ਅਤੇ ਪੰਜਾਬੀ ਸਭਿਆਚਾਰ ਦੇ ਵਿਕਾਸ ਲਈ ਖਜ਼ਾਨੇ ਸਦਾ ਖੁੱਲ੍ਹੇ ਰਖੇ ਹਨ।

ਇਹਨਾਂ ਰਵਾਇਤਾਂ ਨੂੰ ਅੱਗੇ ਤੋਰਨ ਵਿਚ ਮਾਸਕ ਰਸਾਲੇ 'ਵਰਿਆਮ' ਨੇ ਇਕ ਮੁਖੀ ਨੁਮਾਇੰਦੇ ਦੇ ਤੌਰ ਤੇ ਅਹਿਮ ਰੋਲ ਅਦਾ ਕੀਤਾ ਹੈ।

ਵਿਸ਼ੇਸ਼ ਕਰਕੇ ਸਾਹਿਤਕ ਸਰਗਰਮੀਆਂ ਨੂੰ ਇਸ ਨੇ ਪੰਜਾਬ ਹੀ ਨਹੀਂ, ਦੇਸ਼-ਬਦੇਸ਼ ਵਿਚ ਵੀ ਤੇਜ਼ ਕੀਤਾ ਹੈ। "ਵਰਿਆਮ" ਅੱਜ ਪੰਜਾਬੀ ਦੇ ਉਹਨਾਂ ਦਰਜਨ-ਕੁ ਮਾਸਕ ਰਸਾਲਿਆਂ ਵਿਚੋਂ ਇਕ ਹੈ ਜਿਸ ਦੀ ਸਾਹਿਤਕ ਹਲਕਿਆਂ ਵਿਚ ਆਪਣੀ ਪਛਾਣ ਤੇ ਮੰਗ ਹੈ। ਇਹ ਨਾ ਕੇਵਲ ਵੱਖ-ਵੱਖ ਰੂਪਾਂ ਵਿਚ ਲੇਖਕਾਂ ਦੀਆਂ ਰਚਨਾਵਾਂ ਪੇਸ਼ ਕਰਦਾ ਹੈ। ਸਗੋਂ ਉਹਨਾਂ ਦਾ ਰਾਹ ਰੁਸ਼ਨਾਉਂਦਾ ਹੈ। ਸਾਹਿਤਕ ਖੇਤਰ ਵਿਚ ਇਸ ਨੇ ਬੜੇ ਮਾਣ ਸਨਮਾਨ ਵੀ ਪ੍ਰਾਪਤ ਕੀਤੇ ਹਨ। ਨਾਮਧਾਰੀ ਪੰਥ ਵਲੋਂ ਵੀ ਅਤੇ ਪੰਜਾਬੀ ਸਾਹਿਤ ਸਭਾਵਾਂ ਵਲੋਂ ਵੀ।

"ਵਰਿਆਮ" ਦੇ ਧਰਮ ਤੇ ਰਾਜਨੀਤੀ ਨੂੰ ਵੀ ਨਿਖਾਰ ਕੇ ਪੇਸ਼ ਕੀਤਾ ਹੈ। ਨਕਲ ਜਾਂ ਰਵਾਇਤੀ ਰੂਪ ਵਿਚ ਨਹੀਂ। ਸਗੋਂ ਸੁਧਰੇ ਹੋਏ, ਉਚਤਮ ਅਤੇ ਉਸਾਰੂ ਰੂਪ ਵਿਚ ਥੋਕ ਕਲਿਆਣ ਦਾ ਵਸੀਲਾ ਬਣਾ ਕੇ ਪੇਸ਼ ਕੀਤਾ ਹੈ। ਧਰਮ ਤੇ ਰਾਜਨੀਤੀ ਵਿਚ ਆਏ ਪਾਖੰਡ ਨੂੰ ਨੰਗਾ ਕੀਤਾ ਅਤੇ ਸੱਚ ਤੇ ਹੱਕ ਲਈ ਆਵਾਜ਼ ਵੀ ਉਠਾਈ ਹੈ।

ਕਲਾ ਅਤੇ ਸੰਗੀਤ ਦੇ ਖੇਤਰ ਵਿਚ "ਵਰਿਆਮ" ਨੇ ਨਾਮਧਾਰੀ ਪੰਥ ਦੇ ਸਤਿਗੁਰੂ ਜਗਜੀਤ ਸਿੰਘ ਦੀ ਛੱਤਰ ਛਾਇਆ ਨੂੰ ਹੋਰ ਫੈਲਾਇਆ ਹੈ। ਗੁਰਬਾਣੀ ਦੇ ਗਾਇਨ ਤੋਂ ਇਲਾਵਾ ਕਲਾਸਕੀ ਸੰਗੀਤਕਾਰਾਂ ਨੂੰ ਲੋਕਾਂ ਦੇ ਰੂ-ਬ-ਰੂ ਕਰਨ ਅਤੇ ਉਹਨਾਂ ਦੀ ਦੇਣ ਨੂੰ ਮੋਹਰਬੰਦ ਕਰਨ ਵਿਚ ਵਰਿਆਮ ਨੇ ਫਰਜ਼ ਅਦਾ ਕੀਤੇ ਹਨ।

ਇਸ ਮੌਕੇ ਇਹ ਭੁਲਣਾ ਨਹੀਂ ਚਾਹੀਦਾ ਕਿ "ਵਰਿਆਮ" ਪੰਜਾਬੀ ਸਾਹਿਤ, ਧਰਮ ਤੇ ਰਾਜਨੀਤੀ ਅਤੇ ਕਲਾ ਸੰਗੀਤ ਦਾ ਨੁਮਾਇੰਦਾ ਬਣ ਕੇ ਤਾਂ ਹੀ ਉਭਰਿਆ ਹੈ ਕਿਉਂਕਿ ਸੰਪਾਦਕ ਸ੍ਰੀ ਜਗਦੀਸ਼ ਸਿੰਘ ਵਰਿਆਮ ਜ਼ਿੰਦਗੀ ਭਰ ਸਾਬਤ ਕਦਮੀ ਨਾਲ ਜੁਟੇ ਰਹੇ ਹਨ।


Sri Satguru Jagjit Singh Ji eLibrary NamdhariElibrary@gmail.com

"ਵਰਿਆਮ" ਨਾਲ ਮੇਰੀ ਸਾਂਝ ਵੀ ਉਨੀ ਹੀ ਲੰਬੀ ਹੈ ਜਿਨੀ ਲੰਬੀ ਇਸ ਦੀ ਉਮਰ ਹੈ। ਇਹ ਕਹਿਣ ਵਿਚ ਦੋ ਰਾਵਾਂ ਨਹੀਂ ਕਿ ਜਗਦੀਸ਼ ਸਿੰਘ ਹੁਰਾਂ ਨੂੰ ਨਾ ਕੇਵਲ ਸਮੁੱਚੇ ਨਾਮਧਾਰੀ ਪੰਥ ਸਗੋਂ ਸਮੂਹ ਪੰਜਾਬੀ ਸਾਹਿਤਕ ਹਲਕਿਆਂ ਵਿਚ ਪੂਰਾ ਮਾਣ ਸਤਿਕਾਰ ਪ੍ਰਾਪਤ ਹੈ। ਲੰਬੇ ਸਮੇਂ ਤੋਂ ਉਹ ਪੰਜਾਬੀ ਲੇਖਕ ਸਭਾ ਜਲੰਧਰ ਦੇ ਪ੍ਰਧਾਨ ਅਤੇ ਕੇਂਦਰੀ ਸਭਾ ਦੀ ਐਗਜ਼ੈਕਟਿਵ ਵਿਚ ਸ਼ਾਮਲ ਹਨ, ਇਸ ਦੇ ਸਕੱਤਰ ਵੀ ਰਹੇ ਹਨ। ਉਹਨਾਂ ਦੀ ਪ੍ਰਧਾਨਗੀ ਹੇਠ ਲੇਖਕ ਸਭਾ ਦੀਆਂ ਇਤਿਹਾਸਕ ਬੈਠਕਾਂ ਹੁੰਦੀਆਂ ਰਹੀਆਂ ਹਨ। ਇਹ ਸਭ ਇਸ ਲਈ ਸੰਭਵ ਹੋਇਆ ਕਿਉਂਕਿ ਉਹ ਇਕ ਸੰਪਾਦਕ ਹੋਣ ਦੇ ਨਾਲ ਨਾਲ ਇਕ ਚੰਗੇ ਆਦਰਸ਼ਵਾਦੀ ਵੀ ਹਨ। ਵਰਿਆਮ ਵਿਚ ਉਹਨਾਂ ਦੇ ਸੰਪਾਦਕੀ ਲੇਖਾਂ ਦੀ ਚਰਚਾ ਸਾਹਿਤਕ ਹਲਕਿਆਂ ਤੋਂ ਬਾਹਰ ਰਾਜਸੀ ਤੇ ਧਾਰਮਿਕ ਹਲਕਿਆਂ ਵਿਚ ਵੀ ਹੁੰਦੀ ਹੈ।

ਵਰਿਆਮ ਦੇ ਕਿਸੇ ਪਰਚੇ ਵਿਚ ਉਹਨਾਂ ਆਪਣੇ ਇਕ ਵਿਛੜੇ ਸੰਗੀਤਕਾਰ ਸਾਥੀ ਸੁਰਿੰਦਰ ਸੁਮਨ ਦੀਆਂ ਯਾਦਾਂ ਲਿਖੀਆਂ ਹਨ। ਇਸ ਵਾਰਤਕ ਦੀ ਸ਼ੈਲੀ ਕਮਾਲ ਦੀ ਹੈ। ਉਹ ਲਿਖਦੇ ਹਨ—

"..... ਰੇਲ ਦੇ ਸਫਰ ਦਾ ਮਾਰਿਆ, ਥਕਿਆ ਟੁੱਟਿਆ ਸੁਮਨ ਚਿਹਰੇ ਉੱਤੇ ਹਵਾਈਆਂ ਉਡਣ, ਪੈਂਟ ਕਮੀਜ਼ ਤੇ ਪੱਗ ਸਭ ਵੱਟੋ ਵੱਟ ਅਤੇ ਅੱਖਾਂ ਤਾੜੇ ਲੱਗੀਆਂ, ਜਿਧਰ ਵੇਖਣਾ ਵੇਖੀ ਜਾਣਾ। ਇਹੋ ਜਿਹਾ ਸਰੂਪ ਯਮਰਾਜ ਨਾ ਲੱਗੇ ਤਾਂ ਕੀ ਲੱਗੇ... ਤੇ ਫੇਰ ਫਰਮਾਇਸ਼ ਹੋਣੀ-ਸੁਮਨ ਭਾ ਜੀ ਕੋਈ ਗਾਣਾ ਸੁਣਾਓ। ਹੁਣ ਪ੍ਰੇਤ ਕਹਾਣੀਆਂ ਵਾਂਗ ਯਕਦਮ ਸੁਮਨ ਦੀ ਸ਼ਖਸੀਅਤ ਵਿਚ ਬਦਲਾ ਆ ਜਾਣਾ, ਉਹਦੀ ਸ਼ਖਸੀਅਤ ਫਰਸ਼ ਤੋਂ ਅਰਸ਼ ਤੱਕ ਫੈਲ ਜਾਣੀ। ਉਸ ਪ੍ਰਪੱਕ ਸੰਗੀਤਕਾਰ ਵਾਂਗ ਹਾਰਮੋਨੀਅਮ ਦੀਆਂ ਸੁਰਾਂ ਨੂੰ ਛੋਹਦਿਆਂ ਅਵਾਜ਼ ਦੀ ਕੋਮਲਤਾ ਦੇ ਜਾਦੂ ਨਾਲ ਮੋਹ ਲੈਣਾ, ਸੁਰ ਲਹਿਰਾਂ ਦੇ ਕਈ ਪੈਟਰਨ ਬਣਾਉਂਦਿਆਂ ਇਨ੍ਹਾਂ ਸੁਰਾਂ ਦੀ ਤਿਲਕਣ ਬਾਜ਼ੀ ਵਿਚ ਵੀ ਸਥਿਰ ਰਹਿੰਦਿਆਂ ਗ਼ਜ਼ਲ ਕਹਿਣੀ—

ਤੁੰਮ ਕੋ ਚਾਹਾ ਤੋ ਫਿਰ ਬੁਰਾ ਕਿਆ ਹੈ,
ਹਰ ਤਰਫ ਸ਼ੋਰ ਹੈ, ਹੂਆ ਕਿਆ ਹੈ।

ਪਿਛਲੇ ਦਿਨਾਂ ਵਿਚ ਹੀ ਜਗਦੀਸ਼ ਹੁਰਾਂ ਦਾ ਲੇਖ "ਦੱਖਣੀ ਅਫਰੀਕਾ ਦੀ ਯਾਤਰਾ ਬਹੁਤ ਪੜ੍ਹਿਆ ਗਿਆ।"

ਰਾਜਨੀਤੀ ਤੇ ਧਰਮ ਨੂੰ ਬੁਰੀ ਤਰ੍ਹਾਂ ਰਲਗੱਡ ਕਰਨ ਵਾਲਿਆਂ ਨੂੰ ਵਾਰਨਿੰਗ ਸਮਝੇ ਜਾਂਦੇ ਉਹਨਾਂ ਦੇ ਇਕ ਸੰਪਾਦਕੀ ਦੇ ਸ਼ਬਦ ਹਨ—

"ਖਾਲਸੇ ਦੇ ੩ ਸੌ ਸਾਲਾਂ ਸਾਜਨਾ ਦਿਵਸ ਦੀ ਇਤਿਹਾਸਕ ਮਹੱਤਤਾ ਹੈ। ਯੂ. ਐਨ. ਓ. ਤੱਕ ਦਾ ਜ਼ਿਕਰ ਵੀ ਹੋਇਆ ਤੇ ਪੰਜਾਬ ਵਿਚ ਇਸ ਸ਼ਤਾਬਦੀ ਸਮੇਂ ਸਿੱਖਾਂ ਦੀ ਕਿਸੇ ਧਾਰਮਿਕ ਪਾਰਟੀ ਦਾ ਰਾਜ ਹੋਣਾ ਵੀ ਇਸ ਸਮੇਂ ਦੀਆਂ ਖੁਸ਼ੀਆਂ ਨੂੰ ਦੂਬਾਲਾ ਕਰ ਰਿਹਾ ਸੀ। ਪਰ ਜਿਉਂ ਹੀ ਸਿੰਘਾਂ ਦੀ ਪੁਰਾਣੀ "ਹਉਂ" ਨੇ ਅੰਗੜਾਈ ਲਈ ਤਾਂ ਸਭ ਕੁਝ ਢਹਿ ਢੇਰੀ ਲੱਗਿਆ। ਸਿੰਘ ਸਾਹਿਬ ਸਿੰਘ ਸਾਹਿਬ ਨਾਲ ਲੜ ਰਹੇ ਹਨ, ਨੇਤਾ ਨੇਤਾ ਨਾਲ। ਇਸ ਲੰਬੀ ਚੌਧਰ ਗਰਦੀ ਨੇ ਖਾਸਾ ਨਿਰਉਤਸ਼ਾਹਤ ਕੀਤਾ। ਸੱਚ ਪੁੱਛੋ ਤਾਂ ਸਾਰਾ ਕੁਛ ਲਿਖਣ ਨੂੰ ਜੀ ਹੀ ਨਹੀਂ ਕਰਦਾ। ਸਾਹ ਸੱਤਹੀਣਤਾ ਦਾ ਮਾਹੌਲ ਭਾਰੀ ਸੀ। ਕੀ ਲਿਖੀਏ ? ਕੀ ਨਾ ਲਿਖੀਏ ? ਬੋਲ ਬਾਣੀ ਵਿਚ ਫਰਕ ਹੈ ਤੇ ਅਮਲਾਂ ਵਿਚ ਵੀ।"

ਇਸ ਤਰ੍ਹਾਂ "ਵਰਿਆਮ" ਵਿਚੋਂ ਜਗਦੀਸ਼ ਹੁਰਾਂ ਦੀ ਆਪਣੀ ਸ਼ਖਸੀਅਤ ਵੀ ਝਲਕਦੀ ਹੈ। ਚਿੱਟੇ ਵਸਤਰਾਂ ਵਿਚ ਸਾਦਾ, ਸਬਰ ਸੰਤੋਖ ਵਾਲਾ ਤੇ ਮਿੱਠ ਬੋਲੜਾ ਮਨੁੱਖ ਹੈ, ਮੇਰਾ ਦੋਸਤ ਜਗਦੀਸ਼ ਸਿੰਘ ਵਰਿਆਮ। ਆਪਣੇ ਸੋਵੀਅਤ ਯੂਨੀਅਨ, ਨੇਪਾਲ, ਥਾਈਲੈਂਡ, ਕੀਨੀਆ ਅਤੇ ਦੱਖਣੀ ਅਫਰੀਕਾ ਆਦਿ ਅੱਧੀ ਦਰਜਨ ਦੇਸ਼ਾਂ ਦੀ ਯਾਤਰਾ ਤੋਂ ਬਾਅਦ ਲਿਖੇ ਉਹਨਾਂ ਦੇ ਸਫਰਨਾਮੇ ਪਸੰਦ ਕੀਤੇ ਗਏ। ਆਮ ਤੌਰ ਤੇ ਉਹ ਸੰਪਾਦਕੀ ਲਿਖਦੇ ਤੇ ਪਰਚਾ ਐਡਿਟ ਕਰਦੇ ਹਨ। ਵਧੇਰੇ ਉਹ ਸ਼ਾਇਰੀ ਸੁਣਦੇ ਤੇ ਲੇਖਕ ਬੈਠਕਾਂ ਦੀ ਪ੍ਰਧਾਨਗੀ ਕਰਦੇ ਹਨ। ਉਹਨਾਂ ਦਾ ਇਕ ਮਨ ਭਾਉਂਦਾ ਸ਼ੇਅਰ ਹੈ ਜੋ ਉਹ ਬਹੁਤ ਦਿਲਚਸਪੀ ਨਾਲ ਸੁਣਦੇ ਹਨ।

ਫਾਨੂਸ ਬਨਕਰ ਜਿਸ ਕੀ ਹਿਫਾਜ਼ਤ ਹਵਾ ਕਰੇ,
ਵਹੁ ਸ਼ਮਅ ਕਿਆ ਬੁਝੇ ਜਿਸੇ ਰੌਸ਼ਨ ਖੁਦਾ ਕਰੇ।

"ਵਰਿਆਮ" ਨੇ ਆਪਣੇ ੨੫ ਵਰ੍ਹੇ ਵਿਚ ਨਾਨਕ ਸਿੰਘ, ਗੁਰਬਖਸ਼ ਸਿੰਘ ਪ੍ਰੀਤਲੜੀ, ਪ੍ਰੋ. ਮੋਹਨ ਸਿੰਘ, ਐਸ. ਐਸ. ਮੀਸ਼ਾ ਤੇ ਵਰਿਆਮ ਸੰਧੂ ਆਦਿ ਲੇਖਕਾਂ ਦੇ ਸਪੈਸ਼ਲ ਇਸ਼ੂ ਕੱਢੇ ਜੋ ਲਾਇਬਰੇਰੀਆਂ ਦੀ ਸ਼ਾਨ ਹਨ।

"ਵਰਿਆਮ" ਦੀ ਹਰ ਦਿਲ ਅਜ਼ੀਜ਼ੀ ਦਾ ਸਦਕਾ ਉਹਨਾਂ ਦੇ ਵਿਚਰਨ ਦਾ ਘੇਰਾ ਅੱਜ ਨਾਮਧਾਰੀ ਪੰਥ ਤੋਂ ਬਾਹਰ ਵੀ ਵਸੀਹ ਹੋਇਆ ਹੈ। ਤਰੱਕੀ ਪਸੰਦ ਲਹਿਰਾਂ ਦੇ ਉਹ ਹਮੇਸ਼ਾਂ ਹੀ ਸਾਥੀ ਹਨ। ਲੇਖਕ ਸਭਾਵਾਂ ਹੋਣ ਜਾਂ ਦੇਸ਼ ਭਗਤ ਯਾਦਗਾਰ ਤੇ ਹਰਬਲਭ ਸੰਗੀਤ ਮਹਾਂ ਸਭਾ ਸਭ ਦੇ ਉਹ ਸਾਥੀ ਤੇ ਸਲਾਹਕਾਰ ਹਨ। ਇਸੇ ਲਈ ਗੱਲ ਉਹ ਭਾਵੇਂ ਖੁਦਾ ਦੀ ਕਰ ਜਾਣ ਪਰ ਭਰੋਸਾ ਉਹਨਾਂ ਨੂੰ ਵਧੇਰੇ ਲੋਕਾਂ ਅਤੇ ਦੋਸਤਾਂ ਉੱਤੇ ਹੈ। ਇਸੇ ਕਾਰਨ ਉਹਨਾਂ ਪਿੰਡੋਂ ਸ਼ਹਿਰ ਦੇ ਪੈਂਡੇ ਨੂੰ ਜੀਵਨ ਤੇ ਲੋਕ ਸੰਘਰਸ਼ ਕਰ ਕੇ ਜਾਣਿਆ ਹੈ। ●


Sri Satguru Jagjit Singh Ji eLibrary NamdhariElibrary@gmail.com

Gram : 'SNIPER'

Hello : 431367

*Reputed Manufacturers of :*

Superior Quality

SINGLE BARREL

&

DOUBLE BARREL

B. L. — 12 BORE

GUNS

MODERN GUN WORKS

OPP. INDUSTRIAL ESTATE,

JAMMU CANTT.



Sri Satguru Jagjit Singh Ji eLibrary NamdhariElibrary@gmail.com

# ਖਬਰਨਾਮਾ

## ਜੱਪ ਪਰਯੋਗ ਸਮਾਗਮ ਸ੍ਰੀ ਭੈਣੀ ਸਾਹਿਬ

ਨਾਮ ਸਿਮਰਨ ਜੱਪ ਪ੍ਰਯੋਗ ਦਾ ਅਲੌਕਿਕ ਨਜ਼ਾਰਾ ਗੁਲਾਬ ਦੇ ਫੁੱਲਾਂ ਦੀ ਮਹਿਕ ਵਾਂਗ ਸ਼ਬਦਾਂ ਦੇ ਬੰਧਨ ਤੋਂ ਮੁਕਤ ਹੈ ਅਤੇ ਕੇਵਲ ਮਾਣਿਆ ਹੀ ਜਾ ਸਕਦਾ ਹੈ। ਸੰਨ ੧੯੦੬ 'ਚ ਸਾਵਣ ਮਹੀਨੇ 'ਚ ਸ਼ੁਰੂ ਹੋਇਆ ਇਹ ਜੱਪ ਪ੍ਰਯੋਗ ਫਿਰ ਭਾਦਰੋਂ ਦੇ ਮੌਸਮ ਨੂੰ ਵੇਖਦਿਆਂ ਹੋਇਆਂ ਅੱਸੂ ਵਿਚ ਹੋਣ ਲੱਗ ਪਿਆ ਜਿਸ ਕਰਕੇ ਇਸ ਦਾ ਨਾਮ **"ਅੱਸੂ ਦਾ ਮੇਲਾ"** ਮਸ਼ਹੂਰ ਹੋ ਗਿਆ। "ਸਤਿਗੁਰੂ ਹਰਿ ਹਰਿ ਨਾਮੁ ਦ੍ਰਿੜਾਵੈ" ਅਤੇ "ਆਪਿ ਜਪੈ ਅਵਰਹ ਨਾਮੁ ਜਪਾਵੈ" ਦੇ ਵਾਕ ਅਨੁਸਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਪ ਨਾਮ ਜਪਦੇ ਅਤੇ ਸੰਗਤਾਂ ਕੋਲੋਂ ਜਪਾਉਂਦੇ ਹਨ। ਸੰਸਾਰਕ ਕਾਰ ਵਿਹਾਰ, ਮੋਹ ਮਾਇਆ ਤੋਂ ਨਿਰਲੇਪ ਅਤੇ ਸੇਵਾ ਸਿਮਰਨ ਦੁਆਰਾ ਗੁਰੂ ਚਰਨਾਂ ਵਿਚ ਲਿਵ ਲਾ ਕੇ ਆਤਮ ਰਸ ਲੈਣ ਦਾ ਇਕ ਅਨੋਖਾ ਤੇ ਵਧੀਆ ਸਮਾਂ ਇਹ ਜੱਪ ਪ੍ਰਯੋਗ ਹੀ ਹੁੰਦਾ ਹੈ। ਜਿਸ ਵਿਚ ਅੰਮ੍ਰਿਤ ਵੇਲੇ ਸਣਕੇਸੀ ਇਸ਼ਨਾਨ ਕਰ ਚੰਦ ਤਾਰਿਆਂ ਦੀ ਨਿੰਮੀ ਨਿੰਮੀ ਲੋਅ ਵਿਚ ਨਾਮ ਸਿਮਰਨ ਵਿਚ ਲੀਨ ਹੋਈਆਂ ਸੰਗਤਾਂ ਤਿੰਨ ਵਜੇ ਤੋਂ ਬਾਦ ਆਸਾ ਦੀ ਵਾਰ ਦੇ ਕੀਰਤਨ ਦਾ ਰੱਸ ਮਾਣ ਰਹੀਆਂ ਹੁੰਦੀਆਂ ਹਨ। ਸੂਰਜ ਉਦੈ ਦੇ ਨਾਲ ਹੀ ਚੰਡੀ ਦੀ ਵਾਰ ਦੇ ਪਾਠ ਕਰ ਸਮਾਪਤੀ ਬਾਦ ਲੰਗਰ ਛੱਕ ਸੇਵਾ ਵਿਚ ਜੁੱਟ ਜਾਂਦੀਆਂ ਹਨ। ਦੋਪਹਿਰੇ ੧੧ ਵਜੇ ਤੋਂ ਬਾਦ ਸੂਰਜ ਪ੍ਰਕਾਸ਼, ਸਤਿਗੁਰੂ ਬਿਲਾਸ, ਹੁਕਮਨਾਮਿਆਂ ਦੀ ਕਥਾ ਸੁਣ, ਨਾਮ ਸਿਮਰਨ ਉਪ੍ਰੰਤ ਕੀਰਤਨ ਜੋ ਕਿ ਗੁਰਮਤਿ ਅਨੁਸਾਰ ਤੰਤੀ ਸਾਜ਼ਾਂ ਤੇ ਰਾਗੀ ਸਿੰਘ ਕਰਿਆ ਕਰਦੇ ਹਨ ਸੁਣਦੀਆਂ ਹਨ। ਇਸ ਤਰ੍ਹਾਂ ਸ਼ਾਮ ਦੇ ਕੀਰਤਨ ਵਿਚ ਜੋਟੀਆਂ ਦੇ ਸ਼ਬਦ ਢੋਲਕ ਛੈਣਿਆਂ ਨਾਲ ਕਰ ਰਹਿਰਾਸ ਦਾ ਪਾਠ, ਹੱਲੇ ਦੇ ਦੀਵਾਨ, ਗਿਆਨ ਚਰਚਾ ਤੇ ਸਤਿਗੁਰੂ ਸਾਖੀਆਂ ਕਰ ਸਾਰਾ ਸਮਾਂ ਹੀ ਨਾਮ ਬਾਣੀ ਅਤੇ ਸੇਵਾ ਸਿਮਰਨ ਕਰਦਿਆਂ ਅਧਿਆਤਮਕ ਵਾਤਾਵਰਣ ਵਿਚ ਗੁਜ਼ਰਦਾ ਰਿਹਾ ਹੈ। ਇਸ ਤਰ੍ਹਾਂ ਇਹ ਸਾਰਾ ਮਹੀਨਾ ਦੇਸ਼ ਵਿਦੇਸ਼ ਤੋਂ ਆਈਆਂ ਸੰਗਤਾਂ ਸ੍ਰੀ ਸਤਿਗੁਰੂ ਜੀ ਸੰਗ ਬੈਠ ਅਗਲੇ ਵਰ੍ਹੇ ਦਾ ਤੋਸਾ ਇਕੱਠਾ ਕਰ ਗੁਰਮਤਿ ਸਮਾਗਮਾਂ ਦਾ ਆਨੰਦ ਮਾਣ ਵਾਪਸ ਆਪਣੇ ਘਰਾਂ ਨੂੰ ਪਰਤ ਜਾਂਦੀਆਂ ਹਨ।

ਐਤਕੀਂ ਇਸ ਸਮਾਗਮ ਦੌਰਾਨ ੧੪ ਅਕਤੂਬਰ ਨੂੰ ਹੋਏ ਵਿਸ਼ਵ ਸ਼ਾਂਤੀ ਲਈ ਅਮਨ ਸਮਾਗਮ ਅਤੇ ੧੫ ਅਕਤੂਬਰ ਨੂੰ ਹੋਏ ਪ੍ਰੀਤਮ ਸਿੰਘ ਕਵੀ ਸਨਮਾਨ ਸਮਾਰੋਹ ਤੋਂ ਇਲਾਵਾ ਕਵੀ ਦਰਬਾਰ ਤੇ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦੇ ਬੱਚਿਆਂ ਦੇ ਕੀਰਤਨ ਦਾ ਖ਼ੂਬ ਰਸ ਮਾਣਿਆਂ।

੧੬ ਅਕਤੂਬਰ ਸਮਾਪਤੀ ਵਾਲੇ ਦਿਨ ਸਵੇਰੇ ਤਿੰ
ਵਜੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਉਸਤਾ
ਹਰਭਜਨ ਸਿੰਘ ਸਰਬ ਸੰਤ ਹਰਬੰਸ ਸਿੰਘ, ਖਜਾਨ ਸਿੰ
ਸ਼ੇਰ ਸਿੰਘ, ਸੁਖਦੇਵ ਸਿੰਘ, ਮੋਹਣ ਸਿੰਘ, ਬਲਵੰਤ ਸਿੰ
ਸੁਰਜੀਤ ਸਿੰਘ ਤੇ ਰਣਬੀਰ ਸਿੰਘ ਨੇ ਤੰਤੀ ਸਾਜ਼ਾਂ ਰਾ
ਕੀਤਾ। ਕੀਰਤਨ ਉਪਰੰਤ ੫੪ ਲੜਕੇ ਲੜਕੀਆਂ ਦੇ ਆਨੰ
ਕਾਰਜ ਪੂਰਨ ਗੁਰ ਮਰਯਾਦਾ ਅਨੁਸਾਰ ਹੋਏ ਅਤੇ ਇਸ ਸ
ਜਥੇਦਾਰ ਤੋਤਾ ਸਿੰਘ ਸਿਖਿਆ ਮੰਤਰੀ ਪੰਜਾਬ ਨੇ ਆਖਿ
ਕਿ ਖੋਟੇ ਪਿੰਡ ਜੋ ਤਿੰਨ ਜੂਨ ੧੮੬੩ ਨੂੰ ਆਨੰਦ ਕਾਰਜ
ਰੀਤ ਸਤਿਗੁਰੂ ਰਾਮ ਸਿੰਘ ਜੀ ਨੇ ਤੋਰੀ, ਉਹ ਇ
ਇਤਿਹਾਸਿਕ ਰਸਮ ਸੀ ਅਤੇ ਜੋ ਆਨੰਦ ਕਾਰਜ ਸ਼ਤਾਬ
ਮਨਾਈ ਗਈ ਸੰਨ ੧੯੬੩ ਵਿਚ ੧੫੦ ਆਨੰਦ ਕਾਰ
ਹੋਏ। ਇਹ ਆਨੰਦ ਕਾਰਜ ਦੀ ਰਸਮ ਜੋ ਪੁਰਾਣੀਆਂ
ਗਲਤ ਹੋ ਚੁੱਕੀਆਂ ਰਹੁ ਰੀਤਾਂ ਨੂੰ ਤੋੜ ਪਰਾਂ ਵਗ੍ਹਾ ਸੁੱਟ
ਇਕ ਨਵੀਂ ਨਰੋਈ ਤੇ ਉੱਚੇ ਸੁੱਚੇ ਕਿਰਦਾਰ ਵਾਲੀ ਰਸ
ਸਤਿਗੁਰੂ ਰਾਮ ਸਿੰਘ ਜੀ ਨੇ ਸਾਨੂੰ ਦਿੱਤੀ ਹੈ। ਉਸ ਅਨੁਸ
ਅੱਜ ਹੋਏ ਆਨੰਦ ਕਾਰਜਾਂ ਵਾਲਿਆਂ ਨੂੰ ਮੈਂ ਵਧਾਈ ਦਿੰ
ਹਾਂ। ਸਤਿਗੁਰੂ ਗੋਬਿੰਦ ਸਿੰਘ ਜੀ ਨੇ ਜੋ ੩੦੦ ਵਰ੍ਹੇ ਪਹਿ
ਖਾਲਸਾ ਸਰੂਪ ਬਖਸ਼ਿਆ ਸੀ ਉਸੇ ਦਾ ਜਿਵੇਂ ਦਾ ਤਿ
ਸਰੂਪ ਅੱਜ ਤੁਸੀਂ ਸਾਰੇ ਇਥੇ ਬੈਠੇ ਹੋ ਅਤੇ ਆਪ ਜੀ
ਸਤਿਗੁਰੂ ਜਗਜੀਤ ਸਿੰਘ ਜੀ ਦੀ ਰਹਿਨੁਮਾਈ ਹੇਠ ਖਾਲ
ਦੇ ਸਾਜਨਾਂ ਦਿਵਸ ਤੇ ਹੋਏ ਆਨੰਦਪੁਰ ਸਾਹਿਬ ਵਿ
ਸਮਾਗਮਾਂ ਸਮੇਂ ਬਹੁਤ ਵੱਡੀ ਗਿਣਤੀ ਵਿਚ ਸ਼ਾਮਲ ਹੋ
ਸਿੱਖ ਪੰਥ ਦਾ ਮਾਣ ਵਧਾਇਆ ਹੈ।

ਇਸ ਸਮੇਂ ਹੋਏ ਭਾਰੀ ਇਕੱਠ ਨੂੰ ਉਪਦੇਸ਼ ਦੇਂਦਿ
ਹੋਇਆਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਫ਼ੁਰਮਾਇਆ "ਅ
ਵੇਲੇ ਮਨੁੱਖ ਜਿਹੜਾ ਹੈ ਉਹ ਦੋਚਿਤੀ ਵਿਚ ਪੈ ਗਿਆ ਹੈ
ਮੈਂ ਕਿਹੜੇ ਰਾਹ ਜਾਵਾਂ, ਕੋਈ ਰਾਹ ਲਭ ਨਹੀਂ ਰਿਹਾ। ਜੋ
ਗੁਰੂ ਨਾਨਕ ਦੇਵ ਜੀ ਨੇ ਲਿਖਿਆ ਸੀ।" ਹਉ ਭਾਲ ਵਿਕੁੰ
ਹੋਈ। ਅੰਧੇਰੈ ਰਾਹੁ ਨ ਕੋਈ ਵਾਲੀ ਹਾਲਤ ਸੰਸਾਰ ਦੀ ਬ
ਹੋਈ ਹੈ ਪਰ ਫੇਰ ਵੀ ਇਹ ਸਾਰਾ ਕੁਝ ਵੇਖ ਕੇ ਏਧਰ ਨ
ਇਹ ਮਨ ਲਗਦਾ। ਅਸੀਂ ਜਿਹੜੇ ਗੁਰੂ ਦੇ ਸਿੱਖ ਹਾਂ ਸ
ਇਨ੍ਹਾਂ ਗੱਲਾਂ ਦਾ ਧਿਆਨ ਦੇਣਾ ਚਾਹੀਦਾ ਹੈ। "ਜਿਸ ਧ
ਕੋ ਚਾਰ ਕੁੰਟ ਉਠਿ ਧਾਵੈ ਸੋ ਧੰਨੁ ਹਰਿ ਸੇਵਾ ਤੇ ਪਾਵੈ
ਧਨ ਜਿਹੜਾ ਹੈ ਨਾਮ ਦੇ ਪਿਛੇ ਹੈ ਨਾਮ ਧਨ ਦੇ ਪਿਛੇ ਨ
ਪਰ ਬੜੇ ਦੁਖ ਦੀ ਗੱਲ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ



Sri Satguru Jagjit Singh Ji eLibrary NamdhariElibrary@gmail.com

ਖਾਲਸੇ ਦੀ ਸਿਰਜਨਾਂ ਦਾ ੩੦੦ ਸਾਲਾਂ ਦਿਵਸ ਮਨਾਇਆ ਜਾ ਰਿਹਾ ਹੈ ਤੇ ਕੁਝ ਸਰੀਰ ਐਸੇ ਨੇ ਕਿ ਜਿਨਾਂ ਨੇ ਇਹ ਸੋਚਣਾ ਸ਼ੁਰੂ ਕਰ ਦਿੱਤਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਗ੍ਰੰਥ ਹੈ ਉਹ ਗੁਰਬਾਣੀ ਨਹੀਂ। ਉਹਦੇ ਵਿਚੋਂ ਹੀ ਜਾਪੁ ਸਾਹਿਬ, ਚੌਪਈ ਤੇ ਸਵੈਯੇ ਪੜ੍ਹਕੇ ਅੰਮ੍ਰਿਤ ਬਣਾਉਂਦੇ ਹਨ ਤੇ ਚੰਡੀ ਦੀ ਵਾਰ ਦੇ ਅਖੀਰ ਤੇ ਇਹ ਆਇਆ ਹੈ ਕਿ "ਫੇਰਿ ਨ ਜੂਨੀ ਆਇਆ ਜਿਨਿ ਇਹੁ ਗਾਇਆ।" ਉਸਨੂੰ ਪੜ੍ਹਦੇ ਵੀ ਨੇ ਤੇ ਅਰਦਾਸ ਵੀ ਕਰਦੇ ਨੇ ਤੇ ਨਾਲ ਹੀ ਥੋੜ੍ਹੇ ਜਿਹੇ ਪੱਜ ਬਣਾ ਕੇ ਇਹ ਆਖੀ ਜਾਂਦੇ ਨੇ ਕਿ ਦਸਮ ਗ੍ਰੰਥ ਗੁਰਬਾਣੀ ਨਹੀਂ। ਇਹ ਉਨਾਂ ਨੂੰ ਪਿਆਰ ਨਾਲ ਸਮਝਾਉਣਾ ਚਾਹੀਦਾ ਹੈ ਕਿ ਜੇ ਅਸੀਂ ਇਸ ਨੂੰ ਗੁਰਬਾਣੀ ਮੰਨਣ ਤੋਂ ਹੱਟ ਜਾਵਾਂਗੇ ਤੇ ਫਿਰ ਅਸੀਂ ਗੁਰੂ ਗੋਬਿੰਦ ਸਿੰਘ ਜੀ ਨੂੰ ਨਹੀਂ ਮੰਨ ਸਕਦੇ।"

ਅੰਤ ਤੇ ਪੂਰਨ ਗੁਰਮਰਯਾਦਾ ਅਨੁਸਾਰ ੫੪ ਜੋੜਿਆਂ ਦੇ ਸਮੂਹਿਕ ਆਨੰਦ ਕਾਰਜ ਹੋਏ ਅਤੇ ਆਦਿ ਗੁਰੂ ਗ੍ਰੰਥ ਸਾਹਿਬ ਦੇ ੧੫੧ ਸਹਿਜ ਪਾਠਾਂ ਦੇ ਤੇ ਦੋ ਦਸਮ ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ। ਸਦਾਵਰਤ ਲੰਗਰ ਅਤੁਟ ਵਰਤਦਾ ਰਿਹਾ।

## ਵਿਸ਼ਵ ਸ਼ਾਂਤੀ ਲਈ ਅਮਨ ਸਮਾਗਮ

ਸ੍ਰੀ ਭੈਣੀ ਸਾਹਿਬ ਵਿਖੇ ੯੬ ਵੇਂ ਨਾਮ ਸਿਮਰਨ ਜੱਪ ਪ੍ਰਯੋਗ ਦੌਰਾਨ ੧੪ ਅਕਤੂਬਰ ਨੂੰ ਵਿਸ਼ਵ ਸ਼ਾਂਤੀ ਲਈ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛੱਤਰ ਛਾਇਆ ਹੇਠ ਅਮਨ ਸਮਾਗਮ ਹੋਇਆ। ਇਸ ਦਿਨ ੧੫ ਹਜ਼ਾਰ ਸਿੰਘ-ਸਿੰਘਨੀਆਂ ਨੇ ਅੱਠ ਘੰਟੇ ਨਾਮ-ਸਿਮਰਨ ਕੀਤਾ। ਇਸ ਤਰ੍ਹਾਂ ਵਿਸ਼ਵ ਸ਼ਾਂਤੀ ਲਈ ੧,੨੦,੦੦੦ ਘੰਟੇ ਨਾਮ ਸਿਮਰਨ ਕੀਤਾ ਗਿਆ। ਦੁਪਹਿਰ ਦੇ ਅਮਨ ਸਮਾਗਮ ਦੌਰਾਨ ਸੰਤ ਹਰਪਾਲ ਸਿੰਘ 'ਸੇਵਕ' ਨੇ ਆਖਿਆ ਕਿ ਅਮਨ ਦੇ ਪ੍ਰਤੀਕ ਸਿੱਖ ਗੁਰੂ ਸਾਹਿਬਾਨ ਨੇ ਸੰਸਾਰ ਨੂੰ ਰਲ-ਮਿਲ ਬੈਠਣ ਦਾ ਪਾਠ ਪੜਾਇਆ। ਸ੍ਰ. ਹਰਵਿੰਦਰ ਸਿੰਘ ਹੰਸਪਾਲ ਨੇ ਆਖਿਆ ਕਿ ਜਦੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਰਲਡ ਪੀਸ ਕੌਂਸਲ ਵਿਚ ਵੱਧ ਚੜ੍ਹ ਕੇ ਭਾਗ ਲੈ ਰਹੇ ਸਨ! ਉਸ ਸਮੇਂ ਕੁਝ ਪਤਵੰਤੇ ਸੱਜਣਾਂ ਨੇ ਆਖਿਆ ਕਿ ਤੁਸੀਂ ਇਹਨਾਂ ਨਾਸਤਕਾਂ ਨਾਲ ਕਿਵੇਂ ? ਸ੍ਰੀ ਸਤਿਗੁਰੂ ਜੀ ਨੇ ਫੁਰਮਾਇਆ ਕਿ 'ਇਹ ਵਿਸ਼ਵ ਸ਼ਾਂਤੀ ਲਈ ਕੰਮ ਕਰ ਰਹੇ ਹਨ। ਮੈਂ ਇਹਨਾਂ ਨੂੰ ਆਖਦਾ ਹਾਂ ਕਿ ਗੁਰੂ ਨਾਨਕ ਦੇਵ ਜੀ ਦੇ ਆਦੇਸ਼ਾਂ ਤੇ ਚਲਕੇ ਹੀ ਅਮਨ ਹੋ ਸਕਦਾ ਹੈ। ਪ੍ਰੋ. ਤਾਰਾ ਸਿੰਘ ਅਨਜਾਣ ਨੇ ਦੱਸਿਆ ਕਿ ਪਿਛਲੇ ਦਿਨੀਂ ਹੋਏ ਨਿਊਯਾਰਕ ਵਿਖੇ ਯੂ. ਐਨ. ਓ. ਵਿਚ ਸੰਸਾਰ ਅਮਨ ਸਿਖਰ ਸੰਮੇਲਨ ਸਮੇਂ ਵਿਸ਼ਵ ਦੇ ਪ੍ਰਮੁੱਖ ਧਰਮਾਂ ਦੇ ਰਹਿਨੁਮਾਵਾਂ ਨੂੰ ਸੰਬੋਧਨ ਕਰਦਿਆਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਫੁਰਮਾਇਆ ਕਿ "ਅਮਨ ਹੋ ਸਕਦਾ ਹੈ ਨਿਰਲੋਭ ਹੋਕੇ। ਜਦ ਤੱਕ ਜੀਵ ਹਿੰਸਾ ਹੈ ਤਦ ਤੱਕ ਅਮਨ ਨਹੀਂ ਹੋ ਸਕਦਾ। ਸਾਨੂੰ ਕੇਵਲ ਮਨੁੱਖਤਾ ਦੇ ਭਲੇ ਲਈ ਹੀ ਨਹੀਂ ਸਗੋਂ ਜੀਵ ਮਾਤ੍ਰ ਦੇ ਕਲਿਆਣ ਲਈ ਸੋਚਣਾ ਚਾਹੀਦਾ ਹੈ। ਡਾ. ਸਰਦਾਰਾ ਸਿੰਘ ਜੌਹਲ ਸਾਬਕਾ ਵਾਈਸ ਚਾਂਸਲਰ ਜੀ ਨੇ ਕਿਹਾ ਕਿ ਸਭ ਦਾ ਸਿਰਜਨਹਾਰ ਪ੍ਰਮਾਤਮਾ ਇਕ ਹੈ। ਧਰਮ ਇਕ ਹੈ ਉਸੇ ਦੇ ਨੂਰ ਤੋਂ ਸਾਰਾ ਸੰਸਾਰ ਉਪਜਿਆ ਹੈ। ਸਾਰੇ ਸੰਸਾਰ ਤੇ ਧਰਮਾਂ ਦੇ ਮੁਢਲੇ ਅਸੂਲ ਵੀ ਇਕੋ ਹਨ—ਸੱਚ ਬੋਲਣਾ, ਦਇਆ ਕਰਨੀ, ਖਿਮਾਂ ਕਰਨੀ, ਪਰਉਪਕਾਰ ਕਰਨਾ ਅਤੇ ਦਾਨ ਕਰਨਾ। ਇਨ੍ਹਾਂ ਮੁਢਲੇ ਅਸੂਲਾਂ ਨੂੰ ਸਾਰੇ ਅਪਨਾ ਲਈਏ ਤਾਂ ਸੰਸਾਰ ਵਿਚ ਅਮਨ ਸਹਿਜ ਨਾਲ ਹੀ ਹੋ ਜਾਵੇਗਾ।

ਮੰਚ ਸੰਚਾਲਨ ਕਰਦਿਆਂ ਸੰਤ ਦਲੀਪ ਸਿੰਘ ਨਾਮਧਾਰੀ ਜੀ ਨੇ ਸਮਾਗਮ ਵਿਚ ਹਾਜ਼ਰ ਸ਼ਾਂਤੀ ਸਰੂਪ ਸਾਧੂ ਜਨਾਂ ਬਾਰੇ ਦੱਸਿਆ ਕਿ ਸਵਾਮੀ ਨਿਗਮ ਬਧ ਤੀਰਥ ਜੀ ਵੇਦ ਮੰਦਿਰ ਦਰੇਸੀ, ਸ੍ਰੀ ਰਿਖੀ ਜੀ ਦੰਡੀ ਸਵਾਮੀ, ਸ੍ਰੀ ਬ੍ਰਹਮ ਮੋਨੀ ਜੀ ਜਲਾਲ (ਬਠਿੰਡਾ), ਪੰਡਿਤ ਸਾਲਗ ਰਾਮ ਜੀ ਸੋਲ੍ਹਨ, ਸੰਤ ਜਸਪਾਲ ਸਿੰਘ ਬੱਦੋਵਾਲ ਆਦਿ ਨੇ ਇਸ ਅਮਨ ਸਮਾਗਮ ਵਿਚ ਦਰਸ਼ਨ ਦਿੱਤੇ ਹਨ। ਅਸੀਂ ਇਨ੍ਹਾਂ ਨੂੰ ਜੀਓ ਆਇਆਂ ਆਖਦੇ ਹਾਂ ਤੇ ਧੰਨਵਾਦ ਕਰਦੇ ਹਾਂ। ਇਨ੍ਹਾਂ ਸੰਤਾਂ ਮਹਾਂਪੁਰਖਾਂ ਨੇ ਆਪਣੇ ਵਿਖਿਆਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਅੰਤ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪ੍ਰਵਚਨ ਕਰਦਿਆਂ ਫੁਰਮਾਇਆ "ਜੋ ਕੁਝ ਇਥੇ ਆਖਿਆ ਗਿਆ ਹੈ ਉਸਦਾ ਨਿਚੋੜ ਮੈਨੂੰ ਇਉਂ ਹੀ ਜਾਪਦਾ ਹੈ, ਜਿਸ ਤਰ੍ਹਾਂ ਫਰੀਦ ਜੀ ਨੇ ਲਿਖਿਆ ਹੈ—"ਆਪਿ ਸਵਾਰਹਿ ਮੈ ਮਿਲੈ" ਤੂੰ ਆਪਣੇ ਆਪ ਨੂੰ ਸੰਵਾਰ ਲੈ ਤੇ ਮੈਨੂੰ ਮਿਲ ਪਉ। ਮੈਂ ਮਿਲਿਐ ਸੁਖੁ ਹੋਇ॥ ਸਾਰੇ ਸੰਸਾਰ ਦੇ ਲੋਕ ਸੁਖ ਨੂੰ ਲੱਭਦੇ ਹਨ ਪਰ ਉਹ ਭਗਵਾਨ ਕਹਿੰਦਾ ਹੈ ਕਿ ਮੈਨੂੰ ਮਿਲਿਆਂ ਸੁਖ ਹੋ ਜਾਏਗਾ। "ਜਾ ਤੂ ਮੇਰਾ ਹੋਇ ਰਹੇ ਸਭ ਜਗ ਤੇਰਾ ਹੋਇ॥" ਸਾਰੇ ਸੰਸਾਰ ਵਿਚ ਕੇਵਲ ਮਨੁੱਖ ਹੀ ਨਹੀਂ ਬਲਕਿ ਸਭ ਪ੍ਰਾਨੀ ਮਾਤਰ ਆ ਜਾਂਦੇ ਹਨ। ਜਦੋਂ ਸਾਰੇ ਆਪਣੇ ਹੋ ਜਾਣਗੇ ਤਾਂ ਸੰਸਾਰ ਵਿਚ ਅਮਨ ਹੋ ਜਾਵੇਗਾ।

## ਪ੍ਰੀਤਮ ਸਿੰਘ ਕਵੀ ਸਨਮਾਨ ਸਮਾਰੋਹ

ਅੱਸੂ ਦੇ ਮੇਲੇ ਦੌਰਾਨ ੧੫ ਅਕਤੂਬਰ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਹੇਠ ਵਿਸ਼ੇਸ਼ ਸਾਹਿਤਿਕ ਸਮਾਗਮ ਹੋਇਆ। ਪੰਜਾਬੀ ਲੇਖਕਾਂ ਵਿਚ ਜਾਣੀ ਪਛਾਣੀ ਸ਼ਖਸੀਅਤ ਸ੍ਰੀ ਪ੍ਰੀਤਮ ਸਿੰਘ ਕਵੀ ਜੀ ਦਾ 'ਉਚੇਚਾ-ਸਨਮਾਨ' ਹੋਇਆ। ਇਸ ਸਮੇਂ ਪੰਜਾਬੀ ਸਾਹਿਤ ਦੀਆਂ ਮਹਾਨ ਹਸਤੀਆਂ ਪੁੱਜੀਆਂ। ਪਟਿਆਲੇ ਤੋਂ ਪ੍ਰੋ. ਪ੍ਰੀਤਮ ਸਿੰਘ, ਪ੍ਰੋ. ਕਿਰਪਾਲ ਸਿੰਘ ਕਸੇਲ, ਡਾ. ਨਰਿੰਦਰ ਸਿੰਘ ਕਪੂਰ ਅਤੇ ਮਿਸਿਜ਼ ਕਪੂਰ ਆਏ। ਲੁਧਿਆਣੇ ਤੋਂ ਪੰਜਾਬੀ ਸਾਹਿਤ ਅਕਾਦਮੀ ਦੇ ਮੁੱਖ ਅਹੁਦੇਦਾਰ ਸਿਰਜਨਧਾਰਾ ਦੇ ਕਾਰਕੁਨ ਅਤੇ ਪੱਤਰਕਾਰ ਸ਼ਾਮਲ ਹੋਏ।


Sri Satguru Jagjit Singh Ji eLibrary NamdhariElibrary@gmail.com

ਸਮਾਗਮ ਦਾ ਮੰਚ ਸੰਚਾਲਨ ਪ੍ਰਸਿੱਧ ਕਹਾਣੀਕਾਰ ਸੁਖਜੀਤ ਨੇ ਬਾਖੂਬੀ ਨਿਭਾਇਆ। ਸ. ਅਜੀਤ ਸਿੰਘ ਲਾਇਲ ਨੇ ਪ੍ਰਤੀਮ ਸਿੰਘ ਕਵੀ ਦੀ ਵਿਦਵਤਾ ਭਰਪੂਰ ਮਿਲਾਪੜੀ ਸ਼ਖਸੀਅਤ ਬਾਰੇ ਰੇਖਾ-ਚਿੱਤਰ ਪੜ੍ਹਿਆ। ਹਰਪਾਲ ਸਿੰਘ 'ਸੇਵਕ' ਨੇ ਦੱਸਿਆ ਕਿ 'ਸਤਿਗੁਰੂ ਰਾਮ ਸਿੰਘ ਚਿੰਤਨ-ਅਦਾਰਾ' ਵਲੋਂ ਪ੍ਰੀਤਮ ਸਿੰਘ ਕਵੀ ਜੀ ਨੂੰ ਸਤਿਗੁਰੂ ਰਾਮ ਸਿੰਘ ਸਾਹਿਤ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾ ਰਿਹਾ ਹੈ। ਅਦਾਰੇ ਦਾ ਮੁੱਖ ਮੰਤਵ ਸਤਿਗੁਰੂ ਰਾਮ ਸਿੰਘ ਦੀ ਫਿਲਾਸਫੀ ਦਾ ਪ੍ਰਚਾਰ ਅਤੇ ਪ੍ਰਸਾਰ ਕਰਨਾ ਹੈ। ਲੋਕਾਂ ਨੂੰ ਦੱਸਣਾ ਹੈ ਕਿ ਸਤਿਗੁਰੂ ਰਾਮ ਸਿੰਘ ਸਮਰੱਥ ਅਧਿਆਤਮ ਗੁਰੂ ਮਹਾਨ ਸਮਾਜ ਸੁਧਾਰਕ ਅਤੇ ਪ੍ਰਮੁੱਖ ਰਾਜਨੀਤਿਗਯ ਹਨ ਚਿੰਤਨ-ਅਦਾਰੇ ਵਲੋਂ ਭਵਿੱਖ ਵਿਚ ਹੋਰ ਵੀ ਪੁਰਸਕਾਰ ਸ਼ੁਰੂ ਕੀਤੇ ਜਾਣਗੇ।

ਸ. ਜਗਦੀਸ਼ ਸਿੰਘ 'ਵਰਿਆਮ' ਨੇ ਕਵੀ ਜੀ ਨਾਲ ਆਪਣੇ ਲੰਮੇ ਸੰਬੰਧਾਂ ਦਾ ਜ਼ਿਕਰ ਕਰਦਿਆਂ ਉਹਨਾਂ ਦੀ ਸ਼ਖਸੀਅਤ ਦੇ ਵਿਵਿਧ ਪਹਿਲੂਆਂ ਤੇ ਚਾਨਣ ਪਾਇਆ। ਡਾ. ਨਰਿੰਦਰ ਸਿੰਘ ਕਪੂਰ ਨੇ ਸਤਿਗੁਰੂ ਜੀ ਦੇ ਚਰਨਾਂ ਵਿਚ ਹਾਜ਼ਰੀ ਭਰਦਿਆਂ ਕਿਹਾ, "ਅੱਜ ਮੈਂ ਆਪ ਸਭ ਦਾ ਧੰਨਵਾਦੀ ਹਾਂ ਜੋ ਮੈਨੂੰ ਏਥੇ ਆਉਣ ਦਾ ਮੌਕਾ ਦਿੱਤਾ ਹੈ। ਬੜੇ ਚਿਰਾਂ ਤੋਂ ਚਾਅ ਸੀ ਏਥੇ ਆਉਣ ਦਾ ਅਤੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਦਾ। ਜਿਥੇ ਕਿਸੇ ਦਾ ਸਿਰ ਝੁਕੇ ਉਸ ਨੂੰ ਗੁਰਦੁਆਰਾ ਕਹਿੰਦੇ ਹਨ। ਜਿਸਦੇ ਸਾਹਮਣੇ ਸਿਰ ਝੁਕਿਆ ਰਹੇ ਉਸਨੂੰ ਸਤਿਗੁਰੂ ਕਹਿੰਦੇ ਹਨ। ਮੈਨੂੰ ਇਸ ਗੱਲ ਦਾ ਬੜਾ ਮਾਣ ਹੈ ਕਿ ਮੇਰਾ ਕੁਝ ਲਿਖਿਆ ਸਤਿਗੁਰੂ ਜੀ ਨੂੰ ਚੰਗਾ ਲੱਗਿਆ ਹੈ, ਕਿਸੇ ਚੰਗੇ ਨੂੰ ਚੰਗਾ ਲੱਗਣਾ ਬੜੀ ਵੱਡੀ ਅਸੀਸ ਹੁੰਦੀ ਹੈ। ਪ੍ਰੋ. ਕਿਰਪਾਲ ਸਿੰਘ ਜੀ ਕਸੇਲ ਨੇ ਕਵੀ ਪ੍ਰੀਤਮ ਸਿੰਘ ਜੀ ਦੀ ਉੱਚ-ਕੋਟੀ ਦੀ ਵਾਰਤਕ ਅਤੇ ਕਾਵਿ ਰਚਨਾ ਬਾਰੇ ਦੱਸਿਆ।

ਦੁੱਧ ਚਿੱਟੇ ਵਸਤਰ ਧਾਰੀ ਪੈਂਤੀ-ਚਾਲੀ ਹਜ਼ਾਰ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰੋ. ਪ੍ਰੀਤਮ ਸਿੰਘ ਜੀ ਨੇ ਆਖਿਆ ਕਿ ਮੈਂ ਪਹਿਲੀ ਵੇਰ ਹੰਸਾਂ-ਹੰਸਣੀਆਂ ਦਾ ਏਡਾ ਵੱਡਾ ਅਤੇ ਸ਼ਾਂਤ-ਇਕੱਠ ਵੇਖ ਰਿਹਾ ਹਾਂ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਨਾਮਧਾਰੀ ਦਰਬਾਰ ਕੇਵਲ ਆਪਣੇ ਹੀ ਨਹੀਂ ਸਗੋਂ ਪੰਜਾਬੀ ਸਾਹਿਤ ਦੇ ਸ਼੍ਰੋਮਣੀ ਸਾਹਿਤਕਾਰਾਂ ਦੀ ਬੜੀ ਮਦਦ ਕਰਦਾ ਹੈ। ਸਿਫਾਰਸ਼ਾਂ ਨਾਲ ਸਰਕਾਰੀ ਇਨਾਮ ਲਏ ਜਾਂਦੇ ਹਨ ਪਰ ਪ੍ਰੀਤਮ ਸਿੰਘ ਕਵੀ ਕਦੇ ਕਿਸੇ ਪਾਸ ਝੋਲੀ ਅੱਡ ਕੇ ਨਹੀਂ ਗਿਆ ਕਿ ਮੇਰਾ ਸਨਮਾਨ ਕੀਤਾ ਜਾਵੇ। ਮੈਂ ਆਪਣੇ ਆਪ ਨੂੰ ਖੁਸ਼ਨਸੀਬ ਸਮਝਦਾ ਹਾਂ ਜੋ ਇਹੋ ਜਹੇ ਲੇਖਕ ਦੇ ਦਰਸ਼ਨ ਹੁੰਦੇ ਹਨ। ਅੱਜ ਤੋਂ ਸੱਤ ਸੌ ਵਰ੍ਹੇ ਪਹਿਲੋਂ ਇਕ ਲੇਖਕ ਹੋਇਆ ਹੈ, 'ਹਸਨ' ਜੋ ਦਿੱਲੀ ਰਹਿੰਦਾ ਸੀ ਰਾਜ ਕਵੀ ਸੀ। ਉਸਨੇ ਇਕ ਕਿਤਾਬ ਵਾਰਤਕ ਵਿਚ ਵੀ ਲਿਖੀ ਹੈ, 'ਫਵਾਇਦੁਲ-ਫਵਾਦ।' ਪੁਰਾਤਨ ਪੁਸਤਕਾਂ ਵਿਚੋਂ ਫਾਰਸੀ ਵਿਚ ਲਿਖੀ ਇਹ ਇਕ ਪਰਮਾਣੀਕ ਪੁਸਤਕ ਹੈ। ਹਸਨ ਨੂੰ ਰਾਜ-ਦਰਬਾਰ ਵਿਚੋਂ ਜਦੋਂ ਵੀ ਵਕਤ ਮਿਲਦਾ ਉਹ ਆਪਣੇ ਇਸ਼ਟ 'ਹਜ਼ਰਤ-ਨਿਜ਼ਾਮੂਦੀਨ' ਪਾਸ ਜਾਂਦਾ। ਸਵੇਰ ਤੋਂ ਸ਼ਾਮ ਤੱਕ ਉਹ ਜੋ ਸੁਣਦਾ ਅਤੇ ਵੇਖਦਾ ਉਹ ਲਿਖ ਲੈਂਦਾ। 'ਹਜ਼ਰਤ ਨਿਜ਼ਾਮੂਦੀਨ' ਬਾਬਾ ਫਰੀਦ ਜੀ ਦਾਂ ਗੱਦੀ-ਨਸ਼ੀਨ ਸੀ। ਹਸਨ ਦੀ ਲਿਖਤ ਤੋਂ ਬਾਦ 'ਬੀਤੇ ਦੀਆਂ ਪੈੜਾਂ' ਵੇਖਕੇ ਮੈਂ ਸੋਚਦਾ ਸਾਂ ਕਿ ਕਵੀ ਪ੍ਰੀਤਮ ਸਿੰਘ ਵਿਚ ਉਹ ਹਸਨ ਦੀ ਰੂਹ ਤੇ ਨਹੀਂ ਪਹੁੰਚ ਗਈ ? ਪਰ ਨਹੀਂ ਬੀਤੇ ਦੀਆਂ ਪੈੜਾਂ ਉਸ ਪੁਸਤਕ ਨਾਲੋਂ ਬਹੁਤ ਅੱਗੇ ਹਨ। ਸੱਤ ਸੌ ਸਾਲ ਪਹਿਲੋਂ ਲਿਖੀ ਉਹ ਬੜੀ ਪ੍ਰਮਾਣੀਕ ਕਿਤਾਬ ਸੀ, ਪਰ ਇਹ ਇਕੋ ਸੀ। ਕਵੀ ਜੀ ਨੇ ਤਾਂ ਇਕ ਜ਼ਮਾਨਾ ਇਕ ਕਿਤਾਬ ਵਿਚ ਸਮੋ ਦਿੱਤਾ ਹੈ। ਪੰਜ ਪੰਜ ਸੌ ਸਫੇ ਦੀਆਂ ਗਿਆਰਾਂ ਜਿਲਦਾਂ ਛਪ ਚੁੱਕੀਆਂ ਹਨ। ਇਸ ਤੋਂ ਵੱਧ ਛੱਪਣ ਵਾਲੀਆਂ ਹਨ। ਸਾਧ ਸੰਗਤ ਜੀ, ਲਿਖਣਾ ਬਹੁਤ ਔਖਾ ਹੈ, ਇਹ ਜੀਵਨ ਦਾਨ ਮੰਗਦਾ ਹੈ। ਮੈਨੂੰ ਅਫਸੋਸ ਹੈ ਕਿ ਇਹਨਾਂ ਦੇ ਸਨਮਾਨ ਦੀ ਨਾਮਧਾਰੀ ਸੰਗਤ ਵਲੋਂ ਪਹਿਲ ਹੋ ਰਹੀ ਹੈ, ਇਨ੍ਹਾਂ ਦਾ ਸਨਮਾਨ ਪੰਜਾਬੀ ਜਗਤ ਨੂੰ, ਪੰਜਾਬ ਸਰਕਾਰ ਨੂੰ ਕਰਨਾ ਚਾਹੀਦਾ ਸੀ। ਪਰ ਫੇਰ ਵੀ ਸ਼ੁਕਰ ਹੈ ਤੁਸੀਂ ਆਪਣਾ ਹੀਰਾ ਪਛਾਣ ਲਿਆ ਹੈ।

ਅੰਤ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਪਦੇਸ਼ ਦੇਂਦਿਆਂ ਫੁਰਮਾਇਆ ਕਿ ਪ੍ਰੀਤਮ ਸਿੰਘ ਕਵੀ, ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਅਪਾਰ ਬਖਸ਼ਿਸ਼ਾਂ ਦੇ ਪਾਤਰ ਰਹੇ ਹਨ। ਉਤਾਰ-ਚੜ੍ਹਾਵਾਂ ਵਿਚ ਵੀ ਹਮੇਸ਼ਾ ਗੁਰੂ-ਮੁਖੀ ਰਹੇ। ਅਸੀਂ ਇਕੱਠੇ ਖੇਡਦੇ ਹੁੰਦੇ ਸਾਂ। ਇਹ ਉਦੋਂ ਵੀ ਬਹੁਤ ਬਾਰੀਕ ਤੇ ਸੁੰਦਰ ਲਿਖਿਆ ਕਰਦੇ ਸਨ। ਮੈਨੂੰ ਬਹੁਤ ਖੁਸ਼ੀ ਹੈ ਕਿ ਕਵੀ ਜੀ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ।

ਅਜੀਤ ਸਿੰਘ 'ਲਾਇਲ' ਜੀ ਨੇ ਕਵੀ ਜੀ ਨੂੰ ਸੰਬੋਧਤ ਮਾਣ ਪੱਤਰ ਪੜ੍ਹਿਆ। ਸ੍ਰੀ ਸਤਿਗੁਰੂ ਜੀ ਨੇ ਪ੍ਰੀਤਮ ਸਿੰਘ ਕਵੀ ਜੀ ਨੂੰ 'ਸਾਹਿਤ-ਰਤਨ' ਦੀ ਉਪਾਧੀ ਬਖਸ਼ੀ ੫੧,੦੦੦/- ਦੀ ਨਕਦ ਰਾਸ਼ੀ ਅਤੇ ਚਾਂਦੀ ਦੇ ਬਣੇ ਸੁੰਦਰ ਸਨਮਾਨ-ਚਿੰਨ੍ਹ ਨਾਲ ਨਿਵਾਜਿਆ। ਪ੍ਰੋ. ਪ੍ਰੀਤਮ ਸਿੰਘ, ਡਾ. ਨਰਿੰਦਰ ਸਿੰਘ 'ਕਪੂਰ', ਮਿਸਿਜ਼ ਕਪੂਰ ਅਤੇ ਪ੍ਰੋ. ਕਿਰਪਾਲ ਸਿੰਘ ਜੀ ਨੂੰ ਸ੍ਰੀ ਸਤਿਗੁਰੂ ਜੀ ਨੇ ਸਿਰੋਪਾਓ ਬਖਸ਼ਿਸ਼ ਕੀਤੇ। ਹੋਰ ਸਾਹਿਤਕਾਰਾਂ ਨੂੰ ਸ. ਹਰਵਿੰਦਰ ਸਿੰਘ 'ਹੰਸਪਾਲ' ਪ੍ਰਧਾਨ ਨਾਮਧਾਰੀ ਦਰਬਾਰ ਹੱਥੀਂ ਸਨਮਾਨਿਤ ਕੀਤਾ ਗਿਆ।


Sri Satguru Jagjit Singh Ji eLibrary NamdhariElibrary@gmail.com

# ਸੰਤ ਗੁਰਮੁਖ ਸਿੰਘ ਅਟਾਰੀ ਵਾਲੇ

ਸੰਤ ਗੁਰਮੁਖ ਸਿੰਘ ਜੀ ਅਟਾਰੀ ਵਾਲੇ ਜਿਨ੍ਹਾਂ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਿਸ਼ਾਹ ਜੀ ਦੇ ਸਹਿਪਾਠੀ ਹੋਣ ਦਾ ਮਾਣ ਪ੍ਰਾਪਤ ਸੀ। ਉਹ ਪਰਿਵਾਰ ਨੂੰ ੯ ਅਗਸਤ ੨੦੦੦ ਨੂੰ ਸਦੀਵੀ ਵਿਛੋੜਾ ਦੇ ਕੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਜਾ ਬਿਰਾਜੇ ਹਨ। ਆਪ ਜੀ ਦਾ ਜਨਮ ੧੯੧੮ ਨੂੰ ਪਿਤਾ ਤਾਰਾ ਸਿੰਘ ਤੇ ਮਾਤਾ ਹਰਨਾਮ ਕੌਰ ਦੀ ਕੁੱਖੋਂ ਪਿੰਡ ਮੁਹਾਵੇ ਵਿਖੇ ਹੋਇਆ। ਆਪ ਜੀ ਨੂੰ ਬਚਪਨ ਵਿਚ ਹੀ ਆਪ ਜੀ ਦੇ ਚਾਚਾ ਜੀ ਸੰਤ ਸੁਰਜਨ ਸਿੰਘ ਜੀ ਨੇ ਲੈ ਲਿਆ ਸੀ। ਸੰਤ ਸੁਰਜਨ ਸਿੰਘ ਜੀ ਨੇ ਵਿਆਹ ਨਹੀਂ ਸੀ ਕਰਵਾਇਆ ਇਸ ਲਈ ਸੰਤਾਂ ਦਾ ਪਾਲਣਾ ਸੰਤਾਂ ਦੀ ਦਾਦੀ ਮਾਈ ਗਣੇਸ਼ੀ ਨੇ ਕੀਤਾ ਸੀ। ਮਾਈ ਗਣੇਸ਼ੀ ਨੂੰ ਸਾਧ ਸੰਗਤ ਵਿਚ ਮਾਈ ਲੋਈ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਮਾਂ ਪੁੱਤਰ ਸਾਰੀ ਉਮਰ ਵੱਡੀ ਸੋਧ ਦੇ ਧਾਰਣੀ ਰਹੇ।



ਬਾਬਾ ਠਾਕੁਰ ਕੇਸਰ ਸਿੰਘ ਕਿਲੀ ਜੀ ਕਰਕੇ ਮੁਹਾਵੇ ਤੇ ਸ੍ਰੀ ਸਤਿਗੁਰੂ ਜੀ ਤੇ ਸਾਧ ਸੰਗਤ ਦੀ ਵਿਸ਼ੇਸ਼ ਕ੍ਰਿਪਾ ਰਹੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਜਦੋਂ ਮੁਹਾਵੇ ਮੇਲਿਆਂ ਤੇ ਜਾਂਦੇ ਤਾਂ ਸ੍ਰੀ ਸਤਿਗੁਰੂ ਜੀ ਦਾ ਲੰਗਰ ਸੰਤ ਗੁਰਮੁਖ ਸਿੰਘ ਦੇ ਘਰ ਹੀ ਬਣਦਾ। ਸੰਤਾਂ ਦਾ ਬਚਪਨ ਸ੍ਰੀ ਸਤਿਗੁਰੂ ਜੀ ਤੇ ਸਾਧ ਸੰਗਤ ਦੇ ਪਿਆਰ ਵਿਚ ਲੰਘਿਆ। ਜਦੋਂ ਕੁਝ ਵੱਡੇ ਹੋਏ ਤਾਂ ਸੰਤਾਂ ਦੇ ਚਾਚਾ ਜੀ ਉਨ੍ਹਾਂ ਨੂੰ ਸ੍ਰੀ ਭੈਣੀ ਸਾਹਿਬ ਲੈ ਆਏ ਇਥੇ ਆ ਕੇ ਸੰਤਾਂ ਨੇ ਸੱਚੇ ਪਾਤਿਸ਼ਾਹ ਜੀ ਨਾਲ ਪੰਜਵੀ ਤੱਕ ਵਿਦਿਆ ਪ੍ਰਾਪਤ ਕੀਤੀ। ਸੰਤ ਗੁਰਮੁਖ ਸਿੰਘ ਜੀ ਦਸਦੇ ਹੁੰਦੇ ਸਨ ਕਿ ਮਾਤਾ ਜਿਉਣ ਕੌਰ ਜੀ ਪੜ੍ਹਨ ਵਾਲੇ ਬੱਚਿਆਂ ਦਾ ਬਹੁਤ ਧਿਆਨ ਰੱਖਦੇ ਹੁੰਦੇ ਸਨ। ਇਥੋਂ ਤੱਕ ਕਿ ਪੂਜਯ ਮਾਤਾ ਜੀ ਸਾਡੇ ਸਿਰਾਂ ਵਿਚ ਘਿਉ ਵੀ ਆਪਣੇ ਪਵਿੱਤਰ ਹਸਤ ਕਮਲਾਂ ਨਾਲ ਲਗਾਉਂਦੇ ਹੁੰਦੇ ਸਨ।

ਸੰਤਾਂ ਦਾ ਸਸਕਾਰ ਪੂਰੀ ਗੁਰੂ ਮਰਿਯਾਦਾ ਨਾਲ ਕੀਤਾ ਗਿਆ। ਸੂਬਾ ਅਜੀਤ ਸਿੰਘ ਜੀ ਬਟਾਲਾ ਨੇ ਬਹੁਤ ਪ੍ਰਭਾਵਸ਼ਾਲੀ ਦੀਵਾਨ ਲਗਾਇਆ। ਸ੍ਰੀ ਭੈਣੀ ਸਾਹਿਬ ਤੋਂ ਤੇ ਲੁਧਿਆਣੇ ਤੋਂ ਸ੍ਰੀ ਦਲੀਪ ਸਿੰਘ ਜੀ ਚੇਅਰਮੈਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਸਾਧ ਸੰਗਤ ਲੈ ਕੇ ਪਹੁੰਚੇ। ਇਲਾਕੇ ਦੀ ਸੰਗਤ ਨੇ ਵੱਧ ਚੜ੍ਹ ਕੇ ਦਰਸ਼ਨ ਦਿੱਤੇ ਉਹ ਮੌਕਾ ਇਵੇ ਲੱਗ ਰਿਹਾ ਸੀ ਜਿਵੇਂ ਸ੍ਰੀ ਸਤਿਗੁਰੂ ਜੀ ਆਪਣੇ ਮਿੱਤਰ ਸੰਤ ਗੁਰਮੁਖ ਸਿੰਘ ਨੂੰ ਆਪ ਦਰਗਾਹ ਵਿਚ ਲੈ ਕੇ ਚਲੇ ਹੋਣ।

ਜਦੋਂ ਸੰਤ ਦਿਆਲ ਸਿੰਘ ਜੀ ਮੁੱਖ ਪ੍ਰਬੰਧਕ ਸ੍ਰੀ ਭੈਣੀ ਸਾਹਿਬ ਨੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ 'ਚ ਅਰਜ਼ ਕੀਤੀ ਕਿ ਸੰਤ ਗੁਰਮੁਖ ਸਿੰਘ ਅਟਾਰੀ ਵਾਲੇ ਚੜ੍ਹਾਈ ਕਰ ਗਏ ਹਨ। ਆਪ ਜੀ ਭੋਗ ਤੇ ਦਰਸ਼ਨ ਦੇਣ ਦੀ ਕ੍ਰਿਪਾ ਕਰੋ ਤਾਂ ਸ੍ਰੀ ਸਤਿਗੁਰੂ ਜੀ ਹੁਕਮ ਕੀਤਾ ਅਜੇ ਮੈਂ ਬਾਹਰ ਜਾਣਾ ਹੈ। ਬਾਹਰੋਂ ਹੋ ਕੇ ਹੋ ਆਵਾਂਗਾ। ਇਥੇ (ਸ੍ਰੀ ਭੈਣੀ ਸਾਹਿਬ) ਮੈਂ ਗੁਰਮੁਖ ਸਿੰਘ ਦਾ ਮੇਲਾ ਕਰਨਾ ਹੈ ਸਵੇਰੇ ਮੇਰੇ ਹੁੰਦਿਆਂ ਹੀ ਭੋਗ ਪਾਇਆ ਜਾਵੇ। ਸ੍ਰੀ ਸਤਿਗੁਰੂ ਜੀ ਵਿਸ਼ੇਸ਼ ਕ੍ਰਿਪਾ ਕੀਤੀ ਆਪਣੇ ਸਹਿਪਾਠੀ ਦਾ ਭੋਗ ੧੩ ਅਗਸਤ ੨੦੦੦ ਨੂੰ ਆਪਣੀ ਹਜ਼ੂਰੀ ਵਿਚ ਪਾਇਆ ਤੇ ਨਾਲ ਹੀ ਆਪਣੇ ਪਵਿੱਤਰ ਹਸਤ ਕਮਲਾਂ ਨਾਲ ਸੰਤਾਂ ਦੇ ਕਾਕੇ ਗੁਰਚਰਨ ਸਿੰਘ ਨੂੰ ਦਸਤਾਰ ਸਜਾਈ। ਸੰਤਾਂ ਦੀ ਛੋਟੀ ਬੇਟੀ ਸੁਖਵਿੰਦਰ ਕੌਰ ਨੇ ਸੱਚੇ ਪਾਤਸ਼ਾਹ ਜੀ ਦੇ ਚਰਨਾਂ 'ਚ ਅਰਜ ਕੀਤੀ ਸੱਚੇ ਪਾਤਸ਼ਾਹ ਜੀ ਪਿਤਾ ਜੀ ਚੜ੍ਹਾਈ ਕਰ ਗਏ ਹਨ ਆਪ ਜੀ ਪ੍ਰੀਵਾਰ ਤੇ ਬਖਸ਼ਿਸ਼ ਕਰੋ ਤਾਂ ਭਜਨ ਕਰਨ ਦਾ ਹੁਕਮ ਪਾਤਸ਼ਾਹ ਜੀ ਨੇ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਲਗਾਇਆ।

ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਘਰ ਰੱਖੇ ਸਧਾਰਨ



Sri Satguru Jagjit Singh Ji eLibrary NamdhariElibrary@gmail.com

ਪਾਠ ਦਾ ਭੋਗ ੨੫ ਅਗਸਤ ੨੦੦੦ ਨੂੰ ਪਾਇਆ ਗਿਆ। ਸੰਤ ਦਿਆਲ ਸਿੰਘ ਮੁਖ ਪ੍ਰਬੰਧਕ ਭੈਣੀ ਸਾਹਿਬ ਜੀ ਨੇ ਭੋਗ ਸਮੇਂ ਦੱਸਿਆ ਕਿ ਮੈਨੂੰ ਸੰਤਾਂ ਨੇ ਛੇ ਮਹੀਨੇ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਮੇਰਾ ਹਿਸਾਬ ਪੂਰਾ ਹੋ ਗਿਆ ਹੈ ਮੈਂ ਹੁਣ ਚਲੇ ਜਾਣਾ ਹੈ। ਇਸ ਲਈ ਸੰਤ ਦਿਆਲ ਸਿੰਘ ਜੀ ਨੇ ੫ ਵਰਨੀਆਂ ਭਜਨ ਦੀਆਂ ਸੰਤਾਂ ਨਮਿਤ ਕਰਵਾਉਣ ਵਾਸਤੇ ਕਿਹਾ। ਪੰਜ ਵਰਨੀਆਂ ਪੂਰੀਆਂ ਹੋਈਆਂ ਸੰਤਾਂ ਨੇ ਦਰਗਾਹ ਵਿਚ ਜਾਣ ਵਾਸਤੇ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਸ੍ਰੀ ਰਾਮਸਰ ਭੈਣੀ ਸਾਹਿਬ ਸਰੋਵਰ ਦਾ ਜਲ ਛੱਕਕੇ ਕਮਰਕਸਾ ਕਰ ਲਿਆ ਤੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ 'ਚ ਜਾ ਬਿਰਾਜੇ।

ਸੰਤਾਂ ਦੀ ਯਾਦ ਵਿਚ ੨੫ ਅਗਸਤ ੨੦੦੦ ਨੂੰ ਸਾਰਾ ਦਿਨ ਮੇਲਾ ਹੋਇਆ। ਸੰਤ ਅਜੀਤ ਸਿੰਘ ਚੀਮਾ ਜੀ ਨੇ ਬਹੁਤ ਸੋਹਣੇ ਢੰਗ ਨਾਲ ਸਟੇਜ ਸੈਕਟਰੀ ਦਾ ਕੰਮ ਨਿਭਾਇਆ। ਸੂਬਾ ਸੇਵਾ ਸਿੰਘ ਜਗਾਧਰੀ, ਸੂਬਾ ਅਜੀਤ ਸਿੰਘ ਬਟਾਲਾ, ਬਾਬਾ ਛਿੰਦਾ ਸਿੰਘ ਜੀ ਮੁਹਾਵਾ, ਸੂਬਾ ਨੱਥਾ ਸਿੰਘ ਅੰਮ੍ਰਿਤਸਰ, ਸੂਬਾ ਮੋਹਕਮ ਸਿੰਘ ਅੰਮ੍ਰਿਤਸਰ, ਸੂਬਾ ਭਗਤ ਸਿੰਘ ਮਹੀਦੀਪੁਰ, ਪ੍ਰਧਾਨ ਬਲਵਿੰਦਰ ਸਿੰਘ ਬਟਾਲਾ, ਜਥੇਦਾਰ ਨਿਸ਼ਾਨ ਸਿੰਘ ਜੀ ਗੁਰਦਾਸਪੁਰ ਤੇ ਅਟਾਰੀ ਵਾਲੇ ਜਥੇ ਨੇ ਬਹੁਤ ਹੀ ਪ੍ਰਭਾਵਸ਼ਾਲੀ ਦੀਵਾਨ ਲਗਾ ਕੇ ਸੰਤਾਂ ਦੇ ਜੀਵਨ ਤੇ ਚਾਨਣਾ ਪਾਇਆ ਕਿ ਕਿਵੇਂ ਉਹ ਸਾਰੀ ਜ਼ਿੰਦਗੀ ਸ੍ਰੀ ਸਤਿਗੁਰੂ ਜੀ ਦਾ ਹੁਕਮ ਮੰਨਣ ਲਈ ਤਤਪਰ ਰਹੇ ਤੇ ਕਿਵੇਂ ਸਾਧ ਸੰਗਤ ਦੀ ਸੇਵਾ ਕੀਤੀ ਕਦੀ ਕੋਈ ਐਸਾ ਦਿਨ ਨਹੀਂ ਚੜ੍ਹਦਾ ਜਿਸ ਦਿਨ ਸੰਗਤ ਦੇ ਸੰਤਾਂ ਦੇ ਘਰ ਚਰਨ ਨਹੀਂ ਸੀ ਪੈਂਦੇ। ਸੂਬਾ ਮੋਹਕਮ ਸਿੰਘ ਨੇ ਦੱਸਿਆ ਕਿ ਸ਼ਾਸਤਰਾਂ ਅਨੁਸਾਰ ਜਿਵੇਂ ਸੰਸਾਰ ਵਿਚ ਪੁੱਤਰਾਂ ਨਾਲ ਗੰਢ ਪੈਂਦੀ ਹੈ ਇਸੇ ਤਰ੍ਹਾਂ ਨੇਕੀ ਨਾਲ ਗੰਢ ਪੈਂਦੀ ਹੈ। ਸੰਤਾਂ ਦੀ ਸੰਸਾਰ ਤੇ ਨੇਕੀ ਨਾਲ ਐਸੀ ਗੰਢ ਪਈ ਜੋ ਅੱਜ ਅਸੀਂ ਅੱਖੀਂ ਵੇਖ ਰਹੇ ਹਾਂ ਤੇ ਕੰਨੀ ਸੁਣ ਰਹੇ ਹਾਂ। ਹੋਰ ਸਾਰਿਆਂ ਸੰਤਾਂ ਦੀ ਸਿਫਤ ਕਰਦਿਆਂ ਕਿਹਾ ਕਿ ਉਹਨਾਂ ਦਾ ਨਾਮ ਗੁਰਮੁਖ ਸੀ। ਉਹ ਸੱਚਮੁਚ ਦੇ ਗੁਰਮੁਖ ਸਨ ਤੇ ਆਪਣਾ ਜਨਮ ਸਵਾਰ ਕੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ 'ਚ ਜਾ ਬਿਰਾਜੇ ਹਨ। ਦੀਵਾਨਾਂ ਦੀ ਸਮਾਪਤੀ ਤੋਂ ਬਾਅਦ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ ਨੌਵੇਂ ਮੁਹੱਲੇ ਦੇ ਸਲੋਕ ਪੜ੍ਹੇ ਗਏ। ਸਾਧ ਸੰਗਤ ਜ਼ਿਆਦਾ ਹੋਣ ਕਰਕੇ ਲੰਗਰ ਸਵੇਰ ਤੋਂ ਹੀ ਚਾਲੂ ਕਰ ਦਿੱਤਾ ਗਿਆ ਸੀ। ਅਖੀਰ ਵਿਚ ਪਰਿਵਾਰ ਦੀ ਸੱਚੇ ਪਾਤਸ਼ਾਹ ਜੀ ਦੇ ਚਰਨਾ ਵਿਚ ਇਹ ਬੇਨਤੀ ਹੈ ਕਿ ਸੰਤਾਂ ਵਾਂਗ ਹੀ ਸਾਰੇ ਪਰਿਵਾਰ ਦੀ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਨਾਲ ਬਣ ਆਵੇ ਤੇ ਸੱਚੇ ਪਾਤਸ਼ਾਹ ਦੇ ਚਰਨਾ ਦਾ ਪਿਆਰ ਮਿਲੇ।



## ਮਾਸਟਰ ਗੁਰਦੇਵ ਸਿੰਘ ਨਾਮਧਾਰੀ ਸਟੇਟ ਅਵਾਰਡ ਨਾਲ ਸਨਮਾਨਿਤ

੫ ਸਤੰਬਰ ੨੦੦੦ ਨੂੰ ਅਧਿਆਪਕ ਦਿਵਸ ਦੇ ਮੌਕੇ ਤੇ ਪੰਜਾਬ ਸਰਕਾਰ ਵਲੋਂ ਇਕ ਰਾਜ ਪੱਧਰੀ ਸਮਾਗਮ ਗੁਰੂ ਨਾਨਕ ਭਵਨ ਲੁਧਿਆਣਾ ਵਿਖੇ ਆਯੋਜਿਤ ਕੀਤਾ ਗਿਆ। ਜਿਸ ਵਿਚ ਸਿੱਖਿਆ ਖੇਤਰ ਵਿਚ ਸ਼ਾਨਦਾਰ ਉਪਲਭਧੀਆਂ ਪ੍ਰਾਪਤ ਕਰਨ ਵਾਲੇ ੨੦ ਅਧਿਆਪਕਾਂ ਨੂੰ ਰਾਜ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਅਤੇ ੭ ਅਧਿਆਪਕਾਂ ਨੂੰ ਪ੍ਰਸ਼ੰਸਾ ਪੱਤਰ ਦਿੱਤੇ ਗਏ। ਰਾਜ ਪੁਰਸਕਾਰ ਪ੍ਰਾਪਤ ਕਰਨ ਵਾਲੇ ਅਧਿਆਪਕਾਂ ਵਿਚ ੧੭ ਸੈਕੰਡਰੀ ਵਿਭਾਗ ਅਤੇ ੩ ਪ੍ਰਾਈਮਰੀ ਵਿਭਾਗ ਵਿਚੋਂ ਲਏ ਗਏ। ਇਸ ਰਾਜ ਪੱਧਰੀ ਸਮਾਗਮ ਦੀ ਪ੍ਰਧਾਨਗੀ ਜੱਥੇਦਾਰ ਤੋਤਾ ਸਿੰਘ ਸਿੱਖਿਆ ਮੰਤਰੀ ਪੰਜਾਬ ਨੇ ਕੀਤੀ। ਇਨ੍ਹਾਂ ਦੇ ਨਾਲ ਆਰ. ਐਸ. ਸੰਧੂ ਸਿੱਖਿਆ ਸਕੱਤਰ ਪੰਜਾਬ, ਸ੍ਰੀਮਤੀ ਹਰਮਨਦੀਪ ਕੌਰ, ਡੀ. ਪੀ. ਆਈ. (ਪ੍ਰਾਈਮਰੀ) ਪੰਜਾਬ, ਸ. ਜਗਤਾਰ ਸਿੰਘ, ਡੀ. ਪੀ. ਆਈ. (ਸ), ਸ੍ਰੀ ਸੋਹਨ ਲਾਲ ਡਾਇਰੈਕਟਰ ਐਨ. ਸੀ. ਆਰ. ਟੀ. ਪੰਜਾਬ ਦੇ ਸਾਰੇ ਜ਼ਿਲ੍ਹਿਆਂ ਦੇ ਸਿੱਖਿਆ ਅਫਸਰ (ਪ ਅਤੇ ਸ) ਅਤੇ ਸਿੱਖਿਆ ਵਿਭਾਗ ਦੀਆਂ ਹੋਰ ਮਹਾਨ ਸ਼ਖਸੀਅਤਾਂ ਪੁੱਜੀਆਂ ਹੋਈਆਂ ਸਨ।

ਪ੍ਰਾਇਮਰੀ ਵਿਭਾਗ ਵਿਚੋਂ ਪੁਰਸਕਾਰ ਲੈਣ ਵਾਲੇ ੩ ਅਧਿਆਪਕਾਂ ਵਿਚੋਂ ਸ. ਗੁਰਦੇਵ ਸਿੰਘ ਇੱਕ ਵਿਲੱਖਣ ਸ਼ਖਸੀਅਤ ਦੇ ਮਾਲਕ ਹਨ। ਸਾਰੀਆਂ ਜ਼ੁੰਮੇਵਾਰੀਆਂ ਨੂੰ ਖਿੜੇ ਮੱਥੇ ਨਿਭਾਉਣ ਵਾਲੇ ਮਿਹਨਤੀ ਇਨਸਾਨ ਵਿਰਲੇ ਹੀ ਹੁੰਦੇ ਹਨ। ਰੋਟੀ ਰੋਜ਼ੀ ਤੋਂ ਬੱਚਿਆਂ ਨੂੰ ਪਾਲਣਾ ਤੇ ਪੈਸਾ ਕਮਾਉਣਾ ਹੀ ਜ਼ਿੰਦਗੀ ਨਹੀਂ। ਇਹ ਅਧਿਆਪਕ ਲਈ ਵਿੱਦਿਅਕ ਕਿੱਤੇ ਨੂੰ ਸਵੱਛ ਤੇ ਸ਼ਲਾਘਾ ਯੋਗ ਬਣਾਉਣਾ ਜੀਵਨ ਦਾ ਅਸਲ ਨਿਸ਼ਾਨਾ ਹੋਣਾ ਚਾਹੀਦਾ ਹੈ। ਅਜਿਹੀ ਹੀ ਉੱਚੀ ਪ੍ਰਤਿਭਾ ਦਾ ਮਾਲਕ ਹੈ-ਮਾਸਟਰ ਗੁਰਦੇਵ ਸਿੰਘ ਸਿਆੜ।

ਇਨ੍ਹਾਂ ਦਾ ਜਨਮ ੯.੨.੧੯੪੪ ਨੂੰ ਪਿੰਡ ਸਿਆੜ ਜ਼ਿਲ੍ਹਾ



Sri Satguru Jagjit Singh Ji eLibrary NamdhariElibrary@gmail.com

ਲੁਧਿਆਣਾ ਦੇ ਨਾਮਧਾਰੀ ਪਰਿਵਾਰ ਸ. ਬੱਗਾ ਸਿੰਘ ਦੇ ਘਰ ਹੋਇਆ। ਨਾਮਧਾਰੀ ਪੁਨਾ ਇਨ੍ਹਾਂ ਨੂੰ ਵਿਰਸੇ ਵਿਚੋਂ ਮਿਲੀ ਦਾਤ ਸੀ। ਇਨ੍ਹਾਂ ਦਾ ਪਰਿਵਾਰ ਮਾਤਾ ਖੇਮ ਕੌਰ ਦੇ ਪਰਿਵਾਰ ਵਿਚੋਂ ਹੈ ਜਿਸ ਨੂੰ ਸਭ ਤੋਂ ਪਹਿਲਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਅੰਮ੍ਰਿਤ ਦੀ ਦਾਤ ਬਖਸ਼ੀ ਸੀ। ਇਨ੍ਹਾਂ ਨੇ ਮਾਰਚ, ੧੯੬੧ ਵਿਚ ਖਾਲਸਾ ਹਾਈ ਸਕੂਲ ਕਰਮਸਰ (ਲੁਧਿਆਣਾ) ਤੋਂ ਦਸਵੀਂ ਪਾਸ ਕੀਤੀ। ੧੯੬੩ ਵਿਚ ਬੀ. ਏ. ਵੀ. ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਲਾਚੌਰ (ਹੁਸ਼ਿਆਰਪੁਰ) ਤੋਂ ਜੇ. ਬੀ. ਟੀ. ਪਾਸ ਕੀਤੀ। ਅਪ੍ਰੈਲ ੧੯੬੯ ਵਿਚ ਪ੍ਰੀ ਯੂਨੀਵਰਸਿਟੀ, ਅਪ੍ਰੈਲ ੧੯੭੮ ਵਿਚ ਬੀ. ਏ. ਪੰਜਾਬ ਯੂਨੀਵਰਸਿਟੀ ਤੋਂ ਪਾਸ ਕੀਤੀ ਅਤੇ ਨਵੰਬਰ ੧੯੯੧ ਵਿਚ ਡਿਪਲੋਮਾ ਇਨ ਡਿਵਇਨਟੀ (ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਅਨ) ਪਾਸ ਕੀਤਾ।

ਇਨ੍ਹਾਂ ਨੇ ਸਰਕਾਰੀ ਸੇਵਾ ੧.੯.੧੯੬੪ ਨੂੰ ਸਰਕਾਰੀ ਮਿਡਲ ਸਕੂਲ ਮਾਨਵੀ (ਸੰਗਰੂਰ) ਤੋਂ ਸ਼ੁਰੂ ਕੀਤੀ। ਇਸ ਤੋਂ ਬਾਅਦ ਮਿਡਲ ਸਕੂਲ ਲਿਬੜਾ (ਲੁਧਿਆਣਾ) ਸਰਕਾਰੀ ਪ੍ਰਾਇਮਰੀ ਸਕੂਲ ਗੱਗੜ ਮਾਜਰਾ (ਸਮਰਾਲਾ-੧) ਸਰਕਾਰੀ ਹਾਈ ਸਕੂਲ ਘਲੋਟੀ, ਸਰਕਾਰੀ ਮਿਡਲ ਸਕੂਲ ਲਹਿਲ ਤੇ ਸਰਕਾਰੀ ਮਿਡਲ ਸਕੂਲ ਬੁਟਾਹਰੀ, ਸਰਕਾਰੀ ਪ੍ਰਾਇਮਰੀ ਸਕੂਲ ਧੋਲ ਕਲਾਂ ਅਤੇ ੧੬ .੫.੧੯੮੪ ਤੋਂ ਸ. ਪ. ਸ. ਗੋਸਲ ਬਲਾਕ ਡੇਹਲੋ-੨ ਵਿਖੇ ਸੇਵਾ ਨਿਭਾ ਰਹੇ ਹਨ। ੨੭.੭.੧੯੯੮ ਨੂੰ ਇਥੇ ਹੀ ਮੁੱਖ ਅਧਿਆਪਕ ਬਣੇ। ਇਸੇ ਸਕੂਲ ਵਿਚੋਂ ੫ ਸਤੰਬਰ ੨੦੦੦ ਨੂੰ ਪੰਜਾਬ ਸਰਕਾਰ ਵਲੋਂ ਸਟੇਟ ਅਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ।

੧੬.੫.੧੯੮੪ ਨੂੰ ਜਦੋਂ ਇਹ ਸਰਕਾਰੀ ਪ੍ਰਾਇਮਰੀ ਸਕੂਲ ਗੋਸਲ ਵਿਖੇ ਹਾਜਰ ਹੋਏ ਤਾਂ ਸਕੂਲ ਦੀ ਹਾਲਤ ਬਹੁਤ ਮਾੜੀ ਸੀ। ਇਨ੍ਹਾਂ ਦੇ ਮਨ ਵਿਚ ਇਸਦੇ ਸੁਧਾਰ ਲਈ ਹਮੇਸ਼ਾ ਚਿੰਤਾ ਰਹਿੰਦੀ ਸੀ। ਇਥੇ ਨਾ ਚਾਰ ਦੀਵਾਰੀ ਸੀ ਜਿਸ ਕਾਰਨ ਸਕੂਲ ਵਿਚ ਕੋਈ ਫੁੱਲ ਬੂਟਾ ਨਹੀਂ ਸੀ। ਸਕੂਲ ਦੇ ਨੇੜੇ ਹੀ ਸ਼ਮਸ਼ਾਨ ਘਾਟ ਸੀ। ਜਦੋਂ ਪਿੰਡ ਵਿਚ ਕੋਈ ਘਟਨਾ ਵਾਪਰ ਜਾਂਦੀ ਤਾਂ ਸਕੂਲ ਦੇ ਬੱਚੇ ਕਈ ਦਿਨ ਸਹਿਮੇ ਰਹਿੰਦੇ। ਇਸ ਲੋੜ ਨੂੰ ਮਹਿਸੂਸ ਕਰਦੇ ਹੋਏ ਇਨ੍ਹਾਂ ਨੇ ਪਿੰਡ ਵਿਚ ਅਧਿਆਪਕ ਮਾਪੇ ਸੰਸਥਾ ਬਣਾ ਕੇ ਅਤੇ ਪਿੰਡ ਦੇ ਸਹਿਯੋਗ ਨਾਲ ੬੦੭ ਫੁੱਟ ਲੰਬੀ ਕੰਧ ਕਰਵਾਈ ਅਤੇ ਪ੍ਰਦੂਸ਼ਣ ਦੀ ਸ਼ੁੱਧਤਾ ਵਾਸਤੇ ੧੦੦੦ ਪਾਪੂਲਰ ਦੇ ਬੂਟੇ ਲਗਵਾਏ ਅਤੇ ਕਿਆਰੀਆਂ ਬਣਾਕੇ ਫੁੱਲਦਾਰ ਬੂਟੇ ਲਗਵਾਏ ਗਏ। ਸਟਾਫ ਵਾਸਤੇ ਲੈਟਰੀਨ, ਬੱਚਿਆਂ ਦੇ ਪਾਣੀ ਵਾਸਤੇ ਮੋਟਰ ਅਤੇ ਪੀਣ ਦੀ ਟੂਟੀ ਦਾ ਪ੍ਰਬੰਧ ਕਰਵਾਇਆ।

ਵਿਦਿਅਕ ਖੇਤਰ ਵਿਚ ਇਨ੍ਹਾਂ ਦੇ ਬੱਚੇ ਪੰਜਾਬ ਜ਼ਿਲ੍ਹਾ ਅਤੇ ਬਲਾਕ ਵਿਚੋਂ ਕਈ ਵਾਰ ਪੋਜ਼ੀਸ਼ਨ ਲੈ ਚੁੱਕੇ ਹਨ। ਜਿਸ ਤਰ੍ਹਾਂ ਬਲਦੇਵ ਸਿੰਘ ਚਾਪੜਾ ਪੰਜਾਬ ਵਿਚੋਂ ਅੱਠਵੀਂ ਦੀ ਬੋਰਡ ਦੀ ਪ੍ਰੀਖਿਆ ਵਿਚੋਂ ਪੰਜਾਬ ਵਿਚੋਂ ਤੀਸਰੇ ਸਥਾਨ ਤੇ ਆਇਆ ਸੀ। ਬੋਰਡ ਵਲੋਂ ਕਰਵਾਏ ਵਿੱਦਿਅਕ ਮੁਕਾਬਲੇ ਜਿਵੇਂ ਸ਼ਬਦ ਗਾਇਨ, ਭਾਸ਼ਨ, ਲੋਕ ਗੀਤ, ਕਵੀਸ਼ਰੀ, ਫੈਂਸੀ ਡਰੈਸ ਅਤੇ ਵਾਰ ਗਾਇਨ ਮੁਕਾਬਲਿਆਂ ਵਿਚ ਭਾਗ ਲੈਂਦੀਆਂ ਹਨ ਜਿਸ ਤਰ੍ਹਾਂ ਇਸ ਸਕੂਲ ਦੀ ਵਿਦਿਆਰਥਣ ਅਮਨਜੋਤ ਪੁਤਰੀ ਸ੍ਰੀ ਸ਼ੇਰ ਖਾਂ ਕਬੱਡੀ ਦੇ ਜ਼ਿਲ੍ਹਾ ਪੱਧਰ ਮੁਕਾਬਲੇ ਵਿਚ ਭਾਗ ਲੈ ਪਿਛਲੇ ਸਾਲ ਖੇਡ ਚੁੱਕੀ ਹੈ। ਇਹ ਹਰ ਬੱਚੇ ਨੂੰ ਸਟੇਜ ਤੇ ਲਿਆਉਣ ਦਾ ਜਤਨ ਕਰਦੇ ਹਨ। ਇਨ੍ਹਾਂ ਦੇ ਵਿਦਿਆਰਥੀਆਂ ਦਾ ਪੰਜਾਬ ਦੇ ਗਾਇਕੀ ਦੇ ਖੇਤਰ ਵਿਚ ਕਾਫੀ ਨਾਂ ਹੈ ਜਿਵੇਂ ਸਰਾਜ ਮੁਹੰਮਦ, ਸਰਵਰ ਕੁਰੈਸ਼ੀ, ਅਨਵਰ ਕੁਰੈਸ਼ੀ, ਰਣਧੀਰ ਸਿੰਘ ਧੀਰਾ ਦਾ ਕਵੀਸ਼ਰੀ ਜੱਥਾ, ਦਵਿੰਦਰ ਸਿੰਘ ਦੀਪ, ਸ਼ਿੰਗਾਰਾ ਸਿੰਘ, ਕਿਰਨਦੀਪ ਸਿੰਘ ਇਸੇ ਪਿੰਡ ਅਤੇ ਇਸੇ ਸਕੂਲ ਦੇ ਵਿਦਿਆਰਥੀ ਹਨ।

ਸੇਵਾ ਭਾਵਨਾ ਇਨ੍ਹਾਂ ਵਿਚ ਕੁੱਟ ਕੁੱਟ ਕੇ ਭਰੀ ਹੋਈ ਹੈ। ਇਹ ਸ਼ੁਰੂ ਤੋਂ ਹੀ ਸਮਾਜ ਸੇਵੀ ਸੰਸਥਾਵਾਂ ਨਾਲ ਜੁੜੇ ਹੋਏ ਹਨ। ਇਨ੍ਹਾਂ ਨੇ ਆਪਣੇ ਪਿੰਡ ਵਿਚ ਯੁਵਕ ਸੇਵਾ ਦਲ ਬਣਾ ਕੇ ਪਿੰਡ ਦੇ ਸਮਾਜ ਸੇਵੀ ਕੰਮਾਂ ਵਿਚ ਬਹੁਤ ਉਸਾਰੂ ਭੂਮਿਕਾ ਨਿਭਾਈ ਹੈ। ਇਹ ਆਲ ਇੰਡੀਆ ਨਾਮਧਾਰੀ ਵਿੱਦਿਅਕ ਜਥਾ ਦਿਹਾਤੀ ਲੁਧਿਆਣਾ ਦੇ ਜਨਰਲ ਸਕੱਤਰ ਅਤੇ ਪ੍ਰਧਾਨ ਦੇ ਅਹੁਦੇ ਤੇ ਕਾਫੀ ਸਮਾਜ ਸੁਧਾਰ ਦੇ ਕੰਮ ਕੀਤੇ ਅਤੇ ਸਿੱਖ ਧਰਮ ਦੇ ਪ੍ਰਚਾਰ ਵਿਚ ਕਾਫੀ ਜਤਨਸ਼ੀਲ ਰਹੇ ਹਨ। ਅੱਜ ਵੀ ਇਹ ਪੇਂਡੂ ਵਿਕਾਸ ਤੇ ਮੁਲਾਜਮ ਭਲਾਈ ਸੰਸਥਾ ਦੇ ਜਨਰਲ ਸਕੱਤਰ ਦੇ ਅਹੁਦੇ ਤੇ ਕਾਫੀ ਸਮਾਜ ਸੇਵਾ ਕੰਮਾਂ ਵਿਚ ਯੋਗਦਾਨ ਪਾ ਰਹੇ ਹਨ। ਜਿਵੇਂ ਹਰ ਸਾਲ ਅੱਖਾਂ ਦਾ ਮੁਫਤ ਕੈਂਪ ਅਤੇ ਜਨਰਲ ਮੈਡੀਕਲ ਕੈਂਪ ਲਗਾਉਣਾ। ਆਪ ਅਧਿਆਪਕਾਂ ਦੇ ਮਸਲਿਆਂ ਲਈ ਵੀ ਬਹੁਤ ਸੰਜੀਦਾ ਹਨ। ਇਹ ਬਲਾਕ ਡੇਹਲੋ-੨ ਦੇ ਗੌਰਮਿੰਟ ਟੀਚਰ ਯੂਨੀਅਨ ਪੰਜਾਬ ਦੇ ਜਨਰਲ ਸਕੱਤਰ ਦੇ ਤੌਰ ਤੇ ਕੰਮ ਕਰ ਰਹੇ ਹਨ। ਇਨ੍ਹਾਂ ਵਿੱਦਿਅਕ ਖੇਤਰ ਦੇ ਸਰਬਪੱਖੀ ਵਿਕਾਸ ਵਿਚ ਬਹੁਤ ਵੱਡਾ ਯੋਗਦਾਨ ਪਾਇਆ ਹੈ। ਇਸਦੇ ਨਾਲ ਇਕ ਸਮਾਜ ਸੇਵਕ ਵੀ ਹਨ। ਅਸੀਂ ਪ੍ਰਮਾਤਮਾ ਅੱਗੇ ਦੁਆ ਕਰਦੇ ਹਾਂ ਕਿ ਇਹ ਚਿਰੰਜੀਵ ਸਮਾਜ ਦੀ ਸੇਵਾ ਕਰਦੇ ਰਹਿਣ।


**ਵਰਿਆਮ ਲਈ ਸ਼ੁਭ ਇਛਾਵਾਂ :**

**ਸ. ਅਜੀਤ ਸਿੰਘ ਨਾਮਧਾਰੀ**

**ਨਾਮਧਾਰੀ ਬ੍ਰਦਰਜ਼**

ਡਾਲਟਨਗੰਜ (ਬਿਹਾਰ)

**Namdhari Brothers**

Dalton Ganj (Bihar)

Prop. S. Ajit Singh Namdhari





Sri Satguru Jagjit Singh Ji eLibrary NamdhariElibrary@gmail.com

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



**ਗੁਰਦਿਆਲ ਸਿੰਘ ਐਂਡ ਸਨਜ਼**

ਫਗਵਾੜਾ ਗੇਟ, ਜਲੰਧਰ ਫੋਨ : ੫੯੮੬੯

---

ਹਰ ਪ੍ਰਕਾਰ ਦੀਆਂ ਚੁਗਾਠਾਂ ਜੋੜੀ ਪੱਲੇ ਅਤੇ ਹੋਰ
ਲੱਕੜੀ ਦੇ ਤਸੱਲੀਬਖਸ਼ ਕੰਮ ਵਾਸਤੇ
ਦਰਸ਼ਨ ਦਿਓ

**ਬਚਨ ਸਿੰਘ ਐਂਡ ਸਨਜ਼**

ਨਿਊ ਟਿੰਬਰ ਮਾਰਕੀਟ.
ਇਕਹਿਰੀ ਪੁਲੀ, ਜਲੰਧਰ ਸ਼ਹਿਰ
ਫੋਨ ਨੰ. ੨੩੨੯੯੦

---

ਬਜ਼ਾਰ ਨਾਲੋਂ ਸਸਤੀ ਅਤੇ ਵਧੀਆ ਕਿਸਮ ਦੀ ਲੱਕੜ
ਆਸਾਮ ਸਾਗਵਾਨ, ਚਾਂਪ, ਦਿਓਦਾਰ, ਕੈਲ, ਪੜਤਲ,
ਚੀਲ ਆਦਿ ਵੇਚਣ ਵਾਲੇ

**ਦਲੀਪ ਸਿੰਘ ਪੂਰਨ ਸਿੰਘ ਸੱਗੂ**

(ਟਿੰਬਰ ਮਰਚੈਂਟਸ)

**DALIP SINGH PURAN SINGH SAGGU**

*(Timber Merchants)*

ਪੁਰਾਣੀ ਰੇਲਵੇ ਰੋਡ, ਜਲੰਧਰ ਸ਼ਹਿਰ
Ph. : 58795, 59056
Mobile Ph.: 9814060489 Pager 96124089

---

**JANTA**
**HYDRAULIC PRESSES**



**JANTA ENGG. WORKS**
P.O. MOHAN NAGAR
RAJENDRA NAGAR
INDUSTRIAL AREA,
GHAZIABAD-210 007 (U.P.)
PHONE: OFF: 8-63455
RESI: 5412951
8-64574

MFRS. OF:
HYDRAULIC PRESSES FOR THE USE OF
- RUBBER MOULDING
- CONVEYOR & TRANSMISSION BELTING
- PLYWOOD HOT PRESSES
- DEEP DRAWING
- CLUTCH FACING & BRAKE LINING

---

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰੱਖੋ
ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਅਤੇ ਲੱਕੜੀ ਦਾ
ਵਧੀਆ ਇਮਾਰਤੀ ਸਮਾਨ ਤਿਆਰ ਕਰਨ ਵਾਲੇ

**ਹਰਭਜਨ ਵੁੱਡ ਵਰਕਸ**

ਇਕਹਿਰੀ ਪੁਲੀ, ਜਲੰਧਰ-੧੪੪੦੦੪
ਫੋਨ- ੨੩੮੭੮੪

---

ਹਰ ਕਿਸਮ ਦੀ ਲੱਕੜ ਖਰੀਦਣ ਵਾਸਤੇ ਅਤੇ ਚੁਗਾਠਾਂ,
ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਬਣਵਾਉਣ ਲਈ ਅਤੇ
ਵਧੀਆ ਕਿਸਮ ਦਾ ਇਮਾਰਤੀ ਸਾਮਾਨ ਖਰੀਦਣ ਲਈ

**ਹਜ਼ੂਰ ਸਿੰਘ ਐਂਡ ਸਨਜ਼**

(ਪਾਰਟਨਰ ਹਜ਼ੂਰ ਸਿੰਘ ਜਸਬੀਰ ਸਿੰਘ)
ਇਕਹਿਰੀ ਪੁਲੀ, ਜਲੰਧਰ ਸ਼ਹਿਰ

*ਵਾਲਿਆਂ ਦੀ ਦੁਕਾਨ ਤੇ ਦਰਸ਼ਨ ਦਿਓ ਤੇ ਲਾਭ ਉਠਾਓ*


Sri Satguru Jagjit Singh Ji eLibrary NamdhariElibrary@gmail.com

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**ਬੀ.ਬੀ.ਐਲ ਫੂਡਜ਼ ਪ੍ਰਾਈਵੇਟ ਲਿਮਟਡ**

ਸੰਤੋਸ਼ ਨਗਰ 'X' ਰੋਡਜ਼, ਹੈਦਰਾਬਾਦ-500 059

- ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ
- ਵੈ.ਫਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

ਵਧੀਆ ਬਿਸਕੁਟ ਬਨਾਉਣ ਵਾਲੀ

ਹਿੰਦੋਸਤਾਨ ਦੀ ਪਹਿਲੀ ਕੰਪਨੀ

BBL FOODS PVT. LTD.

*Pinoneer Manufacturer in India of*

- *Automatic machines for producing Biscuits*
- *Automatic machines for producing Wafers*

*and*

*Makers of High quality Biscuits*

**BBL Foods Pvt. LTD.**

*Santosh nagar (X) Roads, Hyderabad-500 059 India*

Ph.:— +91-40-4530680, 82,84

Fax:— +91-40-4530475

*E-mail: amber @hd1. vsnl net. in*

**Balvinder Pal Singh**

*Manging Director*

**Lakhbir Singh Muchhal** *Director*

**Bakhshish Singh Muchhal** *Director*





Sri Satguru Jagjit Singh Ji eLibrary NamdhariElibrary@gmail.com




Sri Satguru Jagjit Singh Ji eLibrary NamdhariElibrary@gmail.com

Registered No. PB/1017/2000 **MONTHLY WARIAM** Ladowali Road, Jalandhar-144 001
Registered with the Registrar of News Papers for India No. 26453/75 **Nov.2000**

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

## ਟੈਂਟ ਹਾਊਸ ਵਾਲਿਆਂ ਵਾਸਤੇ ਖ਼ੁਸ਼ਖ਼ਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਡੀਜ਼ਾਇਨਾਂ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ ਬਣੇ ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ ਫਰਨੀਚਰ ਲਈ ਪਧਾਰੋ ਜਾਂ ਲਿਖੋ

# ਨਾਮਧਾਰੀ ਏਜੰਸੀਜ਼

੨/੨੦੬੮, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ, ਚਾਂਦਨੀ ਚੌਂਕ, ਦਿੱਲੀ-੧੧੦੦੦੬

Manufacturers & Suppliers of :

**TUKRIDAR PRINTED SHAMIANAS & KANATS IN ATTRACTIVE AND GUARNTEED FAST COLOURS, WOODEN & STEEL FURNITURE & PADESTAL FANS ETC.**

*Please Contact :*

Office : 2968411, 2961345 Resi : 6845441

# NAMDHARI AGENCIES

2/2068, CHAH ANDARA, (BEHIND JUBILEE CINEMA)
CHANDNI CHOWK, DELHI–110006

ਐਡੀਟਰ ... ਨੇ ਨਾਮਧਾਰੀ ਪ੍ਰਿੰਟਰਜ਼, ... ਦਫ਼ਤਰ ... ਫੋਨ : 222543, ਨਿਵਾਸ 56289

Sri Satguru Jagjit Singh Ji eLibrary NamdhariElibrary@gmail.com